# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 22.01.2020 ਨੂੰ ਸਵੇਰੇ 11.00 ਵਜੇ

ਅੱਜ ਮਿਤੀ 22.01.2020 ਨੂੰ ਸਵੇਰੇ 11.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 10 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 11 | ਪੰਕਜ ਅਰੋੜਾ | 12 | ਕੌਂਸਲਰ |
| 12 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 13 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 14 | ਬਲਜੀਤ ਸਿੰਘ ਬੀੜਬਹਿਮਣ | 15 | ਕੌਂਸਲਰ |
| 15 | ਹਰਮਿੰਦਰ ਸਿੰਘ | 17 | ਕੌਂਸਲਰ |
| 16 | ਰਾਜਾ ਸਿੰਘ | 18 | ਕੌਂਸਲਰ |
| 17 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 18 | ਦਰਸ਼ਨ ਕੁਮਾਰ | 20 | ਕੌਂਸਲਰ |
| 19 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 20 | ਕਮਲੇਸ਼ ਰਾਣੀ | 23 | ਕੌਂਸਲਰ |
| 21 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 22 | ਰਾਜ ਕੁਮਾਰ | 27 | ਕੌਂਸਲਰ |
| 23 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 24 | ਜੀਤ ਲਾਲ | 30 | ਕੌਂਸਲਰ |
| 25 | ਪ੍ਰੀਤਮ ਕੌਰ | 31 | ਕੌਂਸਲਰ |
| 26 | ਸ਼ਾਮ ਲਾਲ ਜੈਨ | 32 | ਕੌਂਸਲਰ |
| 27 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 28 | ਸੰਜੇ | 35 | ਕੌਂਸਲਰ |
| 29 | ਜਗਰਾਜ ਸਿੰਘ | 36 | ਕੌਂਸਲਰ |
| 30 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 31 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 32 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 33 | ਸ਼ਿੰਦਰ ਕੌਰ | 40 | ਕੌਂਸਲਰ |
| 34 | ਅੰਜਨਾ ਰਾਣੀ | 41 | ਕੌਂਸਲਰ |
| 35 | ਪ੍ਰਦੀਪ ਗੋਇਲ | 42 | ਕੌਂਸਲਰ |
| 36 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 37 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 38 | ਸੁਖਵਿੰਦਰ ਕੌਰ | 45 | ਕੌਂਸਲਰ |
| 39 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 40 | ਨਿਰਮਲ ਕੌਰ | 47 | ਕੌਂਸਲਰ |
| 41 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 42 | ਗੁਰਮੀਤ ਕੌਰ | 49 | ਕੌਂਸਲਰ |
| 43 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀ ਜਗਰੂਪ ਸਿੰਘ ਗਿੱਲ, ਕੋਸਲਰ ਨੇ ਕਿਹਾ ਕਿ ਪਿਛਲੇ ਦਿਨੀ ਸ਼੍ਰੀ ਵਰਿੰਦਰ ਕੁਮਾਰ ਭੋਲਾ, ਸਾਬਕਾ ਕੌਂਸਲਰ ਦੇ ਅਚਾਨਕ ਹੋਈ ਮੌਤ ਕਾਰਨ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਦੀ ਬੇਨਤੀ ਕੀਤੀ।

**ਮਤਾ ਨੰਬਰ 37:** **ਹਾਊਸ ਵੱਲੋਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮਤੇ ਦੀ ਕਾਪੀ ਸ਼੍ਰੀ ਵਰਿੰਦਰ ਕੁਮਾਰ ਭੋਲਾ, ਸਾਬਕਾ ਕੌਂਸਲਰ ਦੇ ਪਰਿਵਾਰ ਪਾਸ ਭੇਜੀ ਜਾਵੇ।**

**ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

shI/-
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## <u>ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 22.01.2020 ਨੂੰ ਸਵੇਰੇ 11.15 ਵਜੇ</u>

ਅੱਜ ਮਿਤੀ 22.01.2020 ਨੂੰ ਸਵੇਰੇ 11.15 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 10 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 11 | ਪੰਕਜ ਅਰੋੜਾ | 12 | ਕੌਂਸਲਰ |
| 12 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 13 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 14 | ਬਲਜੀਤ ਸਿੰਘ ਬੀੜਬਹਿਮਣ | 15 | ਕੌਂਸਲਰ |
| 15 | ਹਰਮਿੰਦਰ ਸਿੰਘ | 17 | ਕੌਂਸਲਰ |
| 16 | ਰਾਜਾ ਸਿੰਘ | 18 | ਕੌਂਸਲਰ |
| 17 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 18 | ਦਰਸ਼ਨ ਕੁਮਾਰ | 20 | ਕੌਂਸਲਰ |
| 19 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 20 | ਕਮਲੇਸ਼ ਰਾਣੀ | 23 | ਕੌਂਸਲਰ |
| 21 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 22 | ਰਾਜ ਕੁਮਾਰ | 27 | ਕੌਂਸਲਰ |
| 23 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 24 | ਜੀਤ ਲਾਲ | 30 | ਕੌਂਸਲਰ |
| 25 | ਪ੍ਰੀਤਮ ਕੌਰ | 31 | ਕੌਂਸਲਰ |
| 26 | ਸ਼ਾਮ ਲਾਲ ਜੈਨ | 32 | ਕੌਂਸਲਰ |
| 27 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 28 | ਸੰਜੇ | 35 | ਕੌਂਸਲਰ |
| 29 | ਜਗਰਾਜ ਸਿੰਘ | 36 | ਕੌਂਸਲਰ |
| 30 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 31 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 32 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 33 | ਸ਼ਿੰਦਰ ਕੌਰ | 40 | ਕੌਂਸਲਰ |
| 34 | ਅੰਜਨਾ ਰਾਣੀ | 41 | ਕੌਂਸਲਰ |
| 35 | ਪ੍ਰਦੀਪ ਗੋਇਲ | 42 | ਕੌਂਸਲਰ |
| 36 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 37 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 38 | ਸੁਖਵਿੰਦਰ ਕੌਰ | 45 | ਕੌਂਸਲਰ |
| 39 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 40 | ਨਿਰਮਲ ਕੌਰ | 47 | ਕੌਂਸਲਰ |
| 41 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 42 | ਗੁਰਮੀਤ ਕੌਰ | 49 | ਕੌਂਸਲਰ |
| 43 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਡਾ: ਭੀਮ ਰਾਉ ਅੰਬੇਦਕਾਰ ਜੀ ਦੀ ਜੀਵਨੀ ਸਬੰਧੀ 4 ਮਿਨਟ ਦੀ ਡਾਕੂਮੈਂਟਰੀ ਝਲਕੀਆਂ ਪੇਸ਼ ਕਰਦੇ ਹੋਏ ਉਹਨਾਂ ਦੇ ਜੀਵਨ ਪ੍ਰਤੀ ਚਾਨਣਾ ਪਾਇਆ ਗਿਆ।

ਡਾਕੂਮੈਂਟਰੀ ਝਲਕੀਆਂ ਦੇਖਣ ਤੋਂ ਬਾਅਦ ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਆਖਿਆ ਕਿ ਇਹ ਹਾਊਸ ਦੀ ਆਖਰੀ ਮੀਟਿੰਗ ਹੈ। ਪਰੰਤੂ 5 ਸਾਲ ਬੀਤਣ ਦੇ ਬਾਵਜੂਦ ਵੀ ਸ਼ਹਿਰ ਵਿੱਚੋਂ ਬੇਸਹਾਰਾ ਪਸ਼ੂਆਂ ਦਾ ਕੋਈ ਹੱਲ ਨਹੀਂ ਕੱਢਿਆ ਜਾ ਸਕਿਆ। ਉਹਨਾਂ ਕਿਹਾ ਕਿ ਆਪਾਂ ਕਰੋੜਾਂ ਰੁਪਏ ਦੀ ਗਰਾਂਟ ਖਰਚ ਕਰ ਚੁੱਕੇ ਹਾਂ। ਸ਼ਹਿਰ ਵਿੱਚੋਂ ਆਪਾਂ ਕਰੋੜਾਂ ਰੁਪਏ ਦਾ ਕਾਊ ਸੈਸ ਵੀ ਇੱਕਠਾ ਕਰਦੇ ਹਾਂ। ਉਹਨਾਂ ਦਸਿਆ ਕਿ ਪਿਛਲੇ ਦਿਨੀਂ ਇਹਨਾਂ ਬੇਸਹਾਰਾ ਪਸ਼ੂਆਂ ਕਰਕੇ ਬਰਨਾਲਾ ਰੋਡ ਤੇ ਲਗਭਗ ਇੱਕ ਘੰਟਾ ਟ੍ਰੈਫਿਕ ਜਾਮ ਰਿਹਾ। ਇਸ ਨਾਲ ਲੋਕਾਂ ਨੂੰ ਬਹੁਤ ਹੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਇਹ ਵੀ ਦਸਿਆ ਕਿ ਨਗਰ ਨਿਗਮ ਵੱਲੋਂ ਰੋਜ਼ਾਨਾ 15-20 ਬੇਸਹਾਰਾ ਪਸ਼ੂ ਮਰਨ ਉਪਰੰਤ ਦੱਬੇ ਜਾ ਰਹੇ ਹਨ। ਇਸ ਨਾਲ ਬੀਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਵੱਲੋਂ ਮੁਦਕੀ ਦੇ ਕਿਸੇ ਠੇਕੇਦਾਰ ਨੂੰ 800-900 ਰੁਪਏ ਦੇ ਕੇ ਮਰਿਆ ਹੋਇਆ ਪਸ਼ੂ ਚੁੱਕਵਾਇਆ ਗਿਆ। ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਤੋਂ ਹੋ ਰਹੀ ਸਮੱਸਿਆ ਖਾਤਰ ਹਾਊਸ ਵਿੱਚ ਧਰਨੇ ਤੇ ਬੈਠ ਗਏ। ਇਸਨੂੰ ਦੇਖਦੇ ਹੋਏ ਕਾਂਗਰਸ ਪਾਰਟੀ ਦੇ ਕਈ ਹੋਰ ਮਿਊਂਸਪਲ ਕੌਂਸਲਰ ਵੀ ਹਾਊਸ ਵਿੱਚ ਧਰਨੇ ਤੇ ਬੈਠ ਗਏ। ਸ਼੍ਰੀ ਜਗਰੂਪ ਸਿੰਘ ਗਿੱਲ,ਕੌਂਸਲਰ ਵੱਲੋਂ ਸ੍ਰ: ਬੇਅੰਤ ਸਿੰਘ ਰੰਧਾਵਾ,ਕੌਂਸਲਰ ਦੀ ਗੱਲ ਨਾਲ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਇਹ ਸਹੀ ਹੈ ਕਿ ਅਸੀ ਪਿਛਲੇ ਸਮੇਂ ਦੌਰਾਨ ਬੇਸਹਾਰਾ ਪਸ਼ੂਆਂ ਤੋਂ ਆ ਰਹੀ ਸਮੱਸਿਆ ਦਾ ਕੋਈ ਹੱਲ ਨਹੀਂ ਕਰ ਸਕੇ। ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ,ਕੌਂਸਲਰ ਨੇ ਕਿਹਾ ਕਿ ਹਾਊਸ ਵੱਲੋਂ ਤਕਰੀਬਨ ਦੋ ਸਾਲ ਪਹਿਲੇ ਪਸ਼ੂਆਂ ਨਾਲ ਹੋ ਰਹੇ ਜਾਨੀ ਨੁਕਸਾਨ ਸਬੰਧੀ ਕਲੇਮ ਦੇਣ ਬਾਰੇ ਫੈਸਲਾ ਕੀਤਾ ਸੀ। ਇਸ ਖਾਤਰ ਸਬ-ਕਮੇਟੀ ਬਣਾਈ ਜਾਣੀ ਸੀ। ਉਹਨਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਇਸ ਸਬੰਧੀ ਸਬ-ਕਮੇਟੀ ਬਣਾਈ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜਲਦ ਹੀ ਸਬ-ਕਮੇਟੀ ਬਣਾ ਦਿੱਤੀ ਜਾਵੇਗੀ। ਹਾਊਸ਼ ਵਿੱਚ ਮੌਜੂਦ ਕੁੱਝ ਕੌਂਸਲਰ ਸਾਹਿਬਾਨਾਂ ਨੇ ਕਿਹਾ ਕਿ ਕਿਸੇ ਵੀ ਬੀਮਾ ਕੰਪਨੀ ਨਾਲ ਤਾਲਮੇਲ ਕਰਕੇ ਪਸ਼ੂਆਂ ਨਾਲ ਹੁੰਦੇ ਮਾਲੀ ਨੁਕਸਾਨ ਨੂੰ ਕਵਰ ਕਰਨ ਲਈ ਬਣਦਾ ਪ੍ਰੀਮਿਅਮ ਦਿੱਤਾ ਜਾਵੇ ਅਤੇ ਕਲੇਮ ਬੀਮਾ ਕੰਪਨੀ ਪਾਸੋਂ ਦਿਵਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਜਤਾਈ ਗਈ। ਸ਼੍ਰੀ ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਨਗਰ ਨਿਗਮ ਬਠਿੰਡਾ ਵੱਲੋਂ ਬੇਸਹਾਰਾ ਪਸ਼ੂ ਚੁੱਕ ਕੇ ਗਊਸ਼ਾਲਾਵਾਂ ਵਿੱਚ ਛੱਡਣ ਸਬੰਧੀ ਬਹੁਤ ਹੀ ਕੰਮ ਕੀਤਾ ਗਿਆ ਹੈ। ਉਹਨਾਂ ਇਸ ਸਬੰਧੀ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਵਿਰੋਧੀ ਧਿਰ ਸਿਰਫ ਰੌਲਾ ਪਾਉਣਾ ਹੀ ਜਾਣਦੀ ਹੈ, ਨਾ ਕਿ ਕੰਮ ਕਰਨਾ। ਉਹਨਾਂ ਜਾਣੂ ਕਰਵਾਇਆ ਕਿ ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਮੌਕੇ ਬੇਸਹਾਰਾ ਪਸ਼ੂਆਂ ਤੋਂ ਨਿਜ਼ਾਤ ਦਿਵਾਉਣ ਲਈ ਹਰਰਾਏਪੁਰ ਵਿਖੇ ਗਊਸ਼ਾਲਾ ਬਣਾਈ ਗਈ ਹੈ। ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚੋਂ ਜਿੰਨੇ ਬੇਸਹਾਰਾ ਪਸ਼ੂ ਫੜ੍ਹੇ ਹਨ, ਉਹਨਾਂ ਨੂੰ ਟੈਗ ਲਗਾ ਕੇ ਹੀ ਗਊਸ਼ਾਲਾਵਾਂ ਵਿੱਚ ਛੱਡਿਆ ਜਾਵੇ, ਤਾਂ ਜੋ ਨਗਰ ਨਿਗਮ ਵੱਲੋਂ ਦਿੱਤੀ ਜਾਣ ਵਾਲੀ ਡਾਇਟ ਮਨੀ ਦੀ ਦੁਰਵਰਤੋਂ ਨਾ ਹੋਵੇ। ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਦਿਨ ਬ ਦਿਨ ਬੇਸਹਾਰਾ ਪਸ਼ੂਆਂ ਦੀ ਸਮੱਸਿਆ ਬਹੁਤ ਜਿਆਦਾ ਵੱਧ ਰਹੀ ਹੈ। ਕਈ ਲੋਕਾਂ ਵੱਲੋਂ ਦੁੱਧ ਦੇਣ ਵਾਲੇ ਪਸ਼ੂ ਵੀ ਬਹੁਤ ਜਿਆਦਾ ਮਾਤਰਾ ਵਿੱਚ ਰੱਖੇ ਹੋਏ ਹਨ। ਇਹ ਆਮ ਸੁਣਨ ਵਿੱਚ ਆਉਂਦਾ ਹੈ ਕਿ ਇਹਨਾਂ ਪਸ਼ੂਆਂ ਦੀ ਮੌਤ ਹੋਣ ਕਾਰਨ ਇਸਨੂੰ ਜਮੀਨ ਹੇਠਾਂ ਦੱਬ ਦਿੱਤਾ ਜਾਂਦਾ ਹੈ। ਇਸ ਨਾਲ ਵਾਤਾਵਰਣ ਤੇ ਬਹੁਤ ਜਿਆਦਾ ਮਾੜਾ ਅਸਰ ਪੈਂਦਾ ਹੈ। ਕਈ ਭਿਆਨਕ ਬੀਮਾਰੀਆਂ ਦੇ ਵੀ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਉਹਨਾਂ ਦਸਿਆ ਕਿ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਮਰਨ ਵਾਲੇ ਪਸ਼ੂਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਲਈ ਰੈਂਡਰਿੰਗ ਪਲਾਂਟ ਲਗਾਏ ਗਏ ਹਨ। ਇਸ ਲਈ ਯੋਗ ਹੋਵੇਗਾ ਕਿ ਸ਼ਹਿਰ ਵਿੱਚ ਮਰਨ ਵਾਲੇ ਪਸ਼ੂਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਲਈ ਰੈਂਡਰਿੰਗ ਪਲਾਂਟ ਲਗਾ ਦਿੱਤਾ ਜਾਵੇ। ਇਸਤੇ ਹਾਊਸ ਵਿੱਚ ਮੌਜੂਦ ਕਈ ਕੌਂਸਲਰ ਸਾਹਿਬਾਨ ਵੱਲੋਂ ਸਹਿਮਤੀ ਜਤਾਈ ਗਈ।

ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਦੇ ਮਸਲੇ ਤੇ ਕਈ ਕੌਂਸਲਰ ਸਾਹਿਬਾਨ ਵੱਲੋਂ ਦਿੱਤੇ ਧਰਨੇ ਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਇਹ ਇੱਕ ਗੰਭੀਰ ਮੁੱਦਾ ਹੈ। ਇਸ ਦਾ ਕਿਸੇ ਵੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਇਹ ਸਮੱਸਿਆ ਸਿਰਫ ਬਠਿੰਡਾ ਸ਼ਹਿਰ ਦੀ ਨਾ ਹੋ ਕੇ ਸਮੂਚੇ ਪੰਜਾਬ ਅਤੇ ਪੂਰੇ ਹਿੰਦੁਸਤਾਨ ਦੀ ਹੈ। ਜੇਕਰ ਇਸਤੇ ਕੰਟਰੋਲ ਨਾ ਕੀਤਾ ਗਿਆ ਤਾਂ ਇਹ ਇੱਕ ਗੰਭੀਰ ਸਮੱਸਿਆ ਬਣ ਜਾਵੇਗੀ। ਉਹਨਾਂ ਸਮੁੱਚੇ ਹਾਊਸ ਨੂੰ ਬੇਨਤੀ ਕੀਤੀ ਕਿ ਆਪਾਂ ਇਸ ਸਮੱਸਿਆ ਦੇ ਹੱਲ ਲਈ ਪਾਰਟੀਆਂ ਤੋਂ ਉਪਰ ਉੱਠ ਕੇ ਕੰਮ ਕਰੀਏ। ਬੇਸਹਾਰਾ ਪਸ਼ੂਆਂ ਦੀ ਸਮੱਸਿਆ ਕਾਲ ਦਾ ਰੂਪ ਧਾਰਨ ਕਰ ਚੁੱਕੀ ਹੈ। ਉਹਨਾਂ ਦਸਿਆ ਕਿ ਸ਼ਹਿਰ ਵਿੱਚ ਮਰ ਰਹੇ ਪਸ਼ੂਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਲਈ ਉਹਨਾਂ ਦਾ ਵਿਧੀਪੂਰਵਕ ਤਰੀਕੇ ਨਾਲ ਦਾਹ-ਸੰਸਕਾਰ ਕਰਨ ਲਈ ਦੋ ਬਿਜਲੀ ਦੀਆਂ ਭੱਠੀਆਂ ਦੇ ਟੈਂਡਰ ਮਿਤੀ 17.01.2020 ਨੂੰ ਲਗਾਏ ਗਏ ਸਨ, ਪਰੰਤੂ ਕਿਸੇ ਵੀ ਟੈਂਡਰਕਾਰ ਵੱਲੋਂ ਟੈਂਡਰ ਨਹੀਂ ਪਾਇਆ ਗਿਆ। ਉਹਨਾਂ ਮੈਂਬਰ ਸਾਹਿਬਾਨਾਂ ਦੀ ਮੰਗ ਤੇ ਸਹਿਮਤੀ ਜਤਾਉਂਦੇ ਹੋਏ ਬੇਨਤੀ ਕੀਤੀ ਕਿ ਸ਼ਹਿਰ ਵਿੱਚ ਮਰਨ ਵਾਲੇ ਪਸ਼ੂਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਲਈ ਰੈਂਡਰਿੰਗ ਪਲਾਂਟ ਲਗਾਉਣਾ ਪਾਸ ਕਰ ਦਿੱਤਾ ਜਾਵੇ। ਉਹਨਾਂ ਜਾਣਕਾਰੀ ਦਿੱਤੀ ਕਿ ਇਸ ਪਲਾਂਟ ਵਿੱਚ ਮਰੇ ਹੋਏ ਪਸ਼ੂਆਂ ਦੀ ਚਮੜੀ, ਮਾਸ ਅਤੇ ਹੱਡੀਆਂ ਨੂੰ ਅਲਗ-ਅਲਗ ਕੀਤਾ ਜਾਂਦਾ ਹੈ ਤਾਂ ਜੋ ਇਹ ਸਾਰਾ ਮਟੀਰਿਅਲ ਵਰਤੋਂ ਵਿੱਚ ਲਿਆਂਦਾ ਜਾ ਸਕੇ ਅਤੇ ਇਸ ਨਾਲ ਵਾਤਾਵਰਣ ਨੂੰ ਕੋਈ ਨੁਕਸਾਨ ਨਾ ਹੋਵੇ। ਉਹਨਾਂ ਹਦਾਇਤ ਕੀਤੀ ਕਿ ਸ਼ਹਿਰ ਤੋਂ ਦੂਰ ਜਿੱਥੇ ਆਬਾਦੀ ਨਾ ਹੋਵੇ, ਉਸ ਜਗ੍ਹਾ ਰੈਂਡਰਿੰਗ ਪਲਾਂਟ ਲਗਾਉਣ ਲਈ ਜਲਦ ਤੋਂ ਜਲਦ ਟੈਂਡਰ ਕਾਲ ਕੀਤਾ ਜਾਵੇ। ਇਸ ਸਬੰਧੀ ਟੈਂਡਰ ਦੀਆਂ ਸ਼ਰਤਾਂ ਵਿੱਚ ਪਲਾਂਟ ਲਗਾਉਣ ਲਈ ਲੋੜੀਂਦੀ ਜਮੀਨ, ਲੋੜੀਂਦੇ ਵਹੀਕਲਜ਼ ਅਤੇ ਮਰੇ ਹੋਏ ਪਸ਼ੂਆਂ ਨੂੰ ਚੁਕਣ ਦਾ ਖਰਚਾ ਵੀ ਸਬੰਧਤ ਠੇਕੇਦਾਰ ਦਾ ਹੀ ਹੋਵੇਗਾ, ਸਬੰਧੀ ਸ਼ਰਤਾਂ ਵੀ ਦਰਜ਼ ਕੀਤੀਆਂ ਜਾਣ। ਇਹ ਵੀ ਦਰਜ਼ ਕੀਤਾ ਜਾਵੇ ਕਿ ਜੇਕਰ ਇਤਲਾਹ ਮਿਲਣ ਦੇ 6 ਘੰਟਿਆਂ ਉਪਰੰਤ ਠੇਕੇਦਾਰ ਵੱਲੋਂ ਮਰਿਆ ਹੋਇਆ ਪਸ਼ੂ ਨਹੀਂ ਚੁੱਕਿਆਂ ਜਾਂਦਾ ਤਾਂ ਨਗਰ ਨਿਗਮ ਵੱਲੋਂ ਉਸਦੇ ਰਿਸਕ ਐਂਡ ਕਾਸਟ ਤੇ ਪਸ਼ੂ ਚੁੱਕਵਾਇਆ ਜਾਵੇ ਅਤੇ ਠੇਕੇਦਾਰ ਪਾਸੋਂ ਤਿੰਨ ਗੁਣਾ ਜੁਰਮਾਨਾ ਵੀ ਵਸੂਲ ਕੀਤਾ ਜਾਵੇ। ਸਬੰਧਤ ਠੇਕੇਦਾਰ ਵੱਲੋਂ ਘੱਟੋ-ਘੱਟ 5.00 ਲੱਖ ਰੁਪਏ ਦੀ ਸਕਿਉਰਟੀ ਵੀ ਜਮਾਂ ਕਰਵਾਈ ਜਾਵੇ ਤਾਂ ਜੋ ਭੱਵਿਖ ਵਿੱਚ ਜੇਕਰ ਠੇਕੇਦਾਰ ਵੱਲੋਂ ਕੰਮ ਕਰਨ ਵਿੱਚ ਕੁਤਾਹੀ ਕੀਤੀ ਜਾਂਦੀ ਹੈ ਤਾਂ ਉਸਦੀ ਸਕਿਊਰਟੀ ਜਬਤ ਕਰਦੇ ਹੋਏ ਉਸਦੇ ਖਿਲਾਫ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਰੈਂਡਰਿੰਗ ਪਲਾਂਟ ਲਗਾਉਣ ਸਬੰਧੀ ਵਰਕ ਆਰਡਰ ਦੇਣ ਉਪਰੰਤ ਤਿੰਨ-ਚਾਰ ਮਹੀਨੇ ਦੇ ਅੰਦਰ-ਅੰਦਰ ਇਸਨੂੰ

ਲਗਵਾਉਣਾ ਅਤੇ ਇਸਨੂੰ ਚਾਲੂ ਕਰਨਾ ਯਕੀਨੀ ਬਣਾਇਆ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਰੈਂਡਰਿੰਗ ਪਲਾਂਟ ਲਗਾਉਣ ਸਬੰਧੀ ਠੇਕੇਦਾਰ ਵੱਲੋਂ ਹਰ ਕਾਨੂੰਨੀ ਨਿਯਮਾਂ ਦੀ ਪਾਲਣਾਂ ਕੀਤੀ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਸਮੁਚੇ ਹਾਊਸ ਦੇ ਉਦਮ ਸਦਕਾ ਬਠਿੰਡਾ ਸ਼ਹਿਰ ਸਵੱਛਤਾ ਵਿੱਚ ਪੰਜਾਬ ਵਿੱਚ ਪਹਿਲੇ ਨੰਬਰ ਤੇ ਅਤੇ ਹਿੰਦੁਸਤਾਨ ਵਿੱਚ 16ਵੇਂ ਨੰਬਰ ਤੇ ਆਇਆ ਹੈ। ਉਹਨਾਂ ਇਸ ਸਬੰਧੀ ਸਮੁੱਚੇ ਹਾਊਸ, ਨਗਰ ਨਿਗਮ ਦੇ ਸਾਰੇ ਹੀ ਅਧਿਕਾਰੀਆਂ ਅਤੇ ਕਰਮਚਾਰੀਆਂ ਜਿੰਨ੍ਹਾਂ ਵਿੱਚ ਵਿਸ਼ੇਸ਼ ਤੋਰ ਤੇ ਸਫਾਈ ਕਰਮਚਾਰੀਆਂ, ਸ਼ਹਿਰ ਵਿੱਚ ਕੰਮ ਕਰ ਰਹੀਆਂ ਸਮੁੱਚੀਆਂ ਸੰਸਥਾਂਵਾਂ ਅਤੇ ਸ਼ਹਿਰਵਾਸੀਆਂ ਨੂੰ ਵਧਾਈ ਦਿੱਤੀ। ਹਾਊਸ ਵਿੱਚ ਮੋਜੂਦ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਇਹ ਦਸਣ ਤੇ ਕਿ ਲੋਕਾਂ ਵੱਲੋਂ ਮਰੇ ਹੋਏ ਪਸ਼ੂ ਚੁੱਕਵਾਉਣ ਲਈ ਕਿਸੇ ਪ੍ਰਾਈਵੇਟ ਠੇਕੇਦਾਰ ਨੂੰ ਪੈਸੇ ਦੇ ਕੇ ਪਸ਼ੂ ਚੁੱਕਵਾਏ ਜਾਂਦੇ ਹਨ ਅਤੇ ਕਈ ਵਾਰ ਸ਼ਹਿਰ ਵਿੱਚ ਦੋ ਜਾਂ ਤਿੰਨ ਦਿਨ ਪਸ਼ੂ ਨਾ ਚੁੱਕਣ ਨਾਲ ਵਾਤਾਵਰਣ ਤੇ ਮਾੜਾ ਅਸਰ ਪੈਂਦਾ ਹੈ, ਇਸਨੂੰ ਧਿਆਨ ਵਿੱਚ ਰਖਦੇ ਹੋਏ ਉਹਨਾਂ ਕਮਿਸ਼ਨਰ ਸਾਹਿਬ ਨੂੰ ਹਦਾਇਤ ਕੀਤੀ ਕਿ ਜੱਦ ਤੱਕ ਰੈਂਡਰਿੰਗ ਪਲਾਂਟ ਲਗਾਉਣ ਦਾ ਕੰਮ ਪੂਰਾ ਨਹੀਂ ਹੋ ਜਾਂਦਾ, ਤੱਦ ਤੱਕ ਬਜਟ ਵਿੱਚ ਪਸ਼ੂਆਂ ਸਬੰਧੀ ਪਾਸ ਕੀਤੀ ਮੱਦ ਵਿਰੁੱਧ ਸ਼ਹਿਰ ਵਿੱਚੋਂ ਮਰੇ ਹੋਏ ਪਸ਼ੂਆਂ ਨੂੰ ਚੁੱਕਣ ਲਈ ਨਗਰ ਨਿਗਮ ਵੱਲੋਂ ਆਪਣੇ ਖਰਚੇ ਤੇ ਮੁਰਦਾ ਪਸ਼ੂਆਂ ਨੂੰ ਚੁੱਕਣ ਦਾ ਕੰਮ ਕੀਤਾ ਜਾਵੇ।

ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਜੇਕਰ ਬੇਸਹਾਰਾ ਪਸ਼ੂ ਨਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਅੱਜ ਦੀ ਮੀਟਿੰਗ ਵਿੱਚ ਜੇਕਰ ਬੀਮਾ ਕੰਪਨੀ ਪਾਸ ਪ੍ਰੀਮਿਅਮ ਜਮਾਂ ਕਰਵਾ ਕੇ ਕਲੇਮ ਲੈਣਾ ਪਾਸ ਹੁੰਦਾ ਹੈ ਤਾਂ ਬਜਟ ਵਿੱਚ ਬੇਸਹਾਰਾ ਪਸ਼ੂਆਂ ਲਈ ਰੱਖੇ 50.00 ਲੱਖ ਰੁਪਏ ਵਿੱਚੋਂ ਪ੍ਰੀਮਿਅਮ ਦੇਣ ਸਬੰਧੀ ਮਤਾ ਪਾਸ ਕਰ ਲਿਆ ਜਾਵੇ। ਇਸਤੇ ਸਮੁੱਚੇ ਹਾਊਸ ਵੱਲੋਂ ਪਾਸ ਕੀਤਾ ਗਿਆ ਕਿ ਕਿਸੇ ਵੀ ਬੀਮਾ ਕੰਪਨੀ ਨਾਲ ਇਸ ਸਬੰਧੀ ਤਾਲਮੇਲ ਕੀਤਾ ਜਾਵੇ।

ਸ਼੍ਰੀਮਤੀ ਨੀਲਮ ਰਾਣੀ ਜਿੰਦਲ, ਕੌਂਸਲਰ ਨੇ ਹਾਊਸ ਵਿੱਚ ਲਿਖਤੀ ਤੋਰ ਤੇ ਬੇਨਤੀ ਕੀਤੀ ਕਿ ਪੀ.ਆਰ.ਟੀ.ਸੀ. ਰੋਡ ਤੇ ਪੀਣ ਵਾਲੇ ਪਾਣੀ ਦੀ ਟੈਂਕੀ ਬਣ ਰਹੀ ਹੈ ਅਤੇ ਸਾਰੇ ਏਰੀਏ ਵਿੱਚ ਪਾਈਪਾਂ ਪਾਈਆਂ ਗਈਆਂ ਹਨ। ਇਸ ਨਾਲ ਪਿਛਲੇ ਦੋ ਸਾਲਾਂ ਤੋਂ ਇਸ ਸੜ੍ਹਕ ਦਾ ਬਹੁਤ ਹੀ ਬੁਰਾ ਹਾਲ ਹੈ। ਆਏ ਦਿਨ ਐਕਸੀਡੈਂਟ ਹੋਣ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਹੈ। ਇਸਤੋਂ ਇਲਾਵਾ ਉਹਨਾਂ ਦੇ ਵਾਰਡ ਦੇ ਪੂਜਾਂ ਵਾਲਾ ਮੁੱਹਲੇ ਵਿੱਚ ਸੀਵਰੇਜ਼ ਦੀ ਪਾਈਪ ਬਲਾਕ ਹੋਣ ਨਾਲ ਸਾਰਾ ਪਾਣੀ ਸੜ੍ਹਕ ਤੇ ਅਤੇ ਲੋਕਾਂ ਦੇ ਘਰਾਂ ਵਿੱਚ ਵੜ੍ਹਨ ਨਾਲ ਲੋਕਾਂ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ। ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸੀਵਰੇਜ਼ ਦੀ ਨਿਕਾਸੀ ਦਾ ਹੱਲ ਕੀਤਾ ਜਾ ਰਿਹਾ ਹੈ ਅਤੇ ਜਲਦ ਹੀ ਸੜ੍ਹਕ ਬਨਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਦਰਖਾਸਤ ਦਿੰਦੇ ਹੋਏ ਬੇਨਤੀ ਕੀਤੀ ਕਿ ਨਗਰ ਨਿਗਮ ਦੀ ਹਦੂਦ ਅੰਦਰ ਰਹਿ ਰਹੇ ਆਰਮੀ ਅਤੇ ਪੁਲਿਸ ਦੇ ਸ਼ਹੀਦ ਹੋਏ ਪਰਿਵਾਰਾਂ ਨੂੰ ਪਾਣੀ/ਸੀਵਰੇਜ਼ ਅਤੇ ਪ੍ਰਾਪਰਟੀ ਟੈਕਸ ਤੋਂ ਛੋਟ ਦਿੱਤੀ ਜਾਵੇ। ਇਸਤੇ ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ ਕਿ ਇਸ ਸਬੰਧੀ ਪ੍ਰਸਤਾਵ ਸਰਕਾਰ ਪਾਸ ਭੇਜਿਆ ਜਾਵੇ।

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਦਰਖਾਸਤ ਦਿੰਦੇ ਹੋਏ ਇਹ ਵੀ ਬੇਨਤੀ ਕੀਤੀ ਕਿ ਜਿਵੇਂ ਹਿੰਦੁਸਤਾਨ ਦੇ ਹਰੇਕ ਸਤਿਕਾਰਯੋਗ ਮੁੱਖ ਮੰਤਰੀ, ਐਮ.ਪੀ. ਸਾਹਿਬਾਨ ਅਤੇ ਐਮ.ਐਲ.ਏ. ਸਾਹਿਬਾਨ ਨੂੰ ਉਹਨਾਂ ਦੀ ਟਰਮ ਪੂਰੀ ਹੋਣ ਉਪਰੰਤ ਪੈਨਸ਼ਨ ਲਗਾਈ ਜਾਂਦੀ ਹੈ, ਉਸੇ ਤਰ੍ਹਾਂ ਹਰੇਕ ਮਿਊਂਸਪਲ ਕੌਂਸਲਰ ਦੀ ਟਰਮ ਪੂਰੀ ਹੋਣ ਉਪਰੰਤ ਵੀ ਪੈਨਸ਼ਨ ਲਗਾਈ ਜਾਵੇ। ਉਹਨਾਂ ਇਸ ਸਬੰਧੀ ਸਰਕਾਰ ਪਾਸ ਪ੍ਰਸਤਾਵ ਭੇਜਣ ਲਈ ਕਿਹਾ।

ਮਾਨਯੋਗ ਮੇਅਰ ਸਾਹਿਬ ਨੇ ਇਸਦੀ ਹਮਾਇਤ ਕਰਦੇ ਹੋਏ ਦਸਿਆ ਕਿ ਹਾਊਸ ਵਿੱਚ ਕਈ ਕੌਂਸਲਰ ਸਾਹਿਬਾਨ ਗਰੀਬ ਪਰਿਵਾਰਾਂ ਨਾਲ ਸਬੰਧ ਰਖਦੇ ਹਨ। ਉਹ ਆਪਣਾ ਸਾਰਾ ਜੀਵਨ ਲੋਕਾਂ ਦੀ ਸੇਵਾ ਵਿੱਚ ਗੁਜ਼ਾਰ ਦਿੰਦੇ ਹਨ। ਉਹਨਾਂ ਨੂੰ ਲੋਕਾਂ ਦੇ ਦੁੱਖ-ਸੁੱਖ ਵਿੱਚ ਵੀ ਜਾਣਾ ਪੈਂਦਾ ਹੈ। ਉਹਨਾਂ ਪਾਸ ਰੋਜ਼ਗਾਰ ਦਾ ਕੋਈ ਸਾਧਨ ਨਾ ਹੋਣ ਕਾਰਨ ਟਰਮ ਪੂਰੀ ਹੋਣ ਉਪਰੰਤ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਉਹਨਾਂ ਵੀ ਹਰੇਕ ਕੌਂਸਲਰ ਸਾਹਿਬਨ ਦੀ ਟਰਮ ਪੂਰੀ ਹੋਣ ਉਪਰੰਤ ਪੈਨਸ਼ਨ ਲਗਾਉਣ ਦੀ ਹਮਾਇਤ ਕੀਤੀ। ਇਸਤੇ ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ ਕਿ ਇਸ ਸਬੰਧੀ ਪ੍ਰਸਤਾਵ ਸਰਕਾਰ ਪਾਸ ਭੇਜਿਆ ਜਾਵੇ।

ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਦਸਿਆ ਕਿ ਲਾਇਨੋ ਪਾਰ ਇਲਾਕੇ ਦੀ ਜਿਸ ਜਗ੍ਹਾ ਬਰਸਾਤੀ ਪਾਣੀ ਦੀ ਨਿਕਾਸੀ ਕੀਤੀ ਜਾਂਦੀ ਹੈ, ਉਸ ਜਗ੍ਹਾ ਤੇ ਹੁਣ ਸਬੰਧਤ ਵਿਭਾਗ ਵੱਲੋਂ ਪਾਣੀ ਸੁੱਟਣ ਤੋਂ ਮਨਾਹੀ ਕਰ ਦਿੱਤੀ ਗਈ ਹੈ। ਇਸ ਨਾਲ ਭੱਵਿਖ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਕਰਨ ਵਿੱਚ ਬਹੁਤ ਜਿਆਦਾ ਦਿੱਕਤ ਆਵੇਗੀ ਅਤੇ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਸ੍ਰ: ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਕਿਹਾ ਕਿ ਜੇਕਰ ਬਰਸਾਤਾਂ ਦੋਰਾਨ ਇਸ ਏਰੀਏ ਵਿੱਚ ਪਾਣੀ ਦੀ ਨਿਕਾਸੀ ਨਾ ਹੋਈ ਤਾਂ ਲੋਕਾਂ ਦਾ ਬਹੁਤ ਭਾਰੀ ਨੁਕਸਾਨ ਹੋਵੇਗਾ। ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਇਹ ਸਮੱਸਿਆ ਅਤਿ ਗੰਭੀਰ ਹੈ। ਉਹਨਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਅਸੀ ਪਹਿਲਾਂ ਹੀ 8-10 ਸਾਲ ਲੇਟ ਹੋ ਚੁੱਕੇ ਹਾਂ। ਉਹਨਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਯੋਗ ਹੋਵੇਗਾ ਕਿ ਇਸ ਪਾਸੇ ਬਰਸਾਤੀ ਪਾਣੀ ਦਾ ਨਿਕਾਸ ਕਰਨ ਲਈ ਕੋਈ 2 ਜਾਂ 5 ਏਕੜ੍ਹ ਜਗ੍ਹਾ ਲੈ ਕੇ ਝੀਲ਼ ਬਨਾਉਣੀ ਯੋਗ ਹੋਵੇਗੀ,ਜਾਂ ਸਰਕਾਰ ਨਾਲ ਗੱਲਬਾਤ ਕਰਕੇ ਜਗ੍ਹਾ ਦਾ ਪ੍ਰਬੰਧ ਕੀਤਾ ਜਾਵੇ। ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਵੀ ਦਸਿਆ ਕਿ ਲਾਇਨੋਪਾਰ ਇਲਾਕੇ ਲਈ ਇਹ ਬਹੁਤ ਹੀ ਵੱਡੀ ਸਮੱਸਿਆ ਹੈ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਬਰਸਾਤਾਂ ਦੋਰਾਨ ਕਈ ਵਾਰ ਲੋਕਾਂ ਦੇ ਘਰਾਂ ਵਿੱਚ ਪਾਣੀ ਵੜ੍ਹਨ ਨਾਲ ਲੋਕਾਂ ਦਾ ਬਹੁਤ ਜਿਆਦਾ ਮਾਲੀ ਨੁਕਸਾਨ ਵੇਖਣ ਨੂੰ ਮਿਲਦਾ ਹੈ। ਕਈ ਘਰਾਂ ਦੀਆਂ ਨੀਂਹਾਂ ਵਿੱਚ ਪਾਣੀ ਪੈਣ ਨਾਲ ਲੋਕਾਂ ਦੇ ਘਰ ਡਿੱਗ ਜਾਂਦੇ ਹਨ। ਇਸ ਲਈ ਉਹਨਾਂ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਲਈ ਬੇਨਤੀ ਕੀਤੀ।

ਕਮਿਸ਼ਨਰ ਸਾਹਿਬ ਨੇ ਧਿਆਨ ਵਿੱਚ ਲਿਆਂਦਾ ਕਿ ਉਕਤ ਇਲਾਕੇ ਵਿੱਚੋਂ ਪਾਣੀ ਦੀ ਨਿਕਾਸੀ ਜਿਸ ਜਗ੍ਹਾ ਕੀਤੀ ਜਾਂਦੀ ਸੀ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਵੱਲੋਂ ਇਸ ਐਸ਼ ਵਾਲੀ ਜਗ੍ਹਾ ਤੇ ਪਾਣੀ ਸੁੱਟਣ ਦੀ ਮਨਾਹੀ ਕਰ ਦਿੱਤੀ ਹੈ। ਉਹਨਾਂ ਦਸਿਆ ਕਿ ਪਾਣੀ ਦੀ ਨਿਕਾਸੀ ਲਈ ਜਗ੍ਹਾ ਦੇਣ ਖਾਤਰ ਪੁੱਡਾ/ਬੀ.ਡੀ.ਏ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਉਹਨਾਂ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਇਸ ਪ੍ਰਸਤਾਵ ਨੂੰ ਪੁੱਡਾ/ਬੀ.ਡੀ.ਏ ਵੱਲੋਂ

ਆਪਣੇ ਏਜੰਡੇ ਵਿੱਚ ਸ਼ਾਮਲ ਕਰ ਲਿਆ ਜਾਵੇਗਾ ਅਤੇ ਪ੍ਰਸਤਾਵ ਸਰਕਾਰ ਪਾਸ ਭੇਜਿਆ ਜਾਵੇਗਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਉਕਤ ਸਮੱਸਿਆ ਦੇ ਹੱਲ ਲਈ ਬਣਦੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਦਸਿਆ ਕਿ ਲੋਹੜੀ ਸਮੇਂ ਗਲੀਆਂ ਵਿੱਚ ਗੰਦਾ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਵੀ ਕਿਸੇ ਵੀ ਸਬੰਧਤ ਅਧਿਕਾਰੀ/ ਕਰਮਚਾਰੀ ਵੱਲੋਂ ਫੋਨ ਵੀ ਨਹੀਂ ਚੁੱਕਿਆ ਗਿਆ। ਉਹਨਾਂ ਕਿਹਾ ਕਿ ਇਸ ਸਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਕਮਿਸ਼ਨਰ ਸਾਹਿਬ ਨੇ ਧਿਆਨ ਵਿੱਚ ਲਿਆਂਦਾ ਕਿ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਦੀ ਸਮੱਸਿਆ ਦੇ ਹੱਲ ਲਈ ਹੇਠ ਲਿਖੇ ਅਨੁਸਾਰ ਦੋ ਕੰਮ ਕੀਤੇ ਜਾ ਰਹੇ ਹਨ :

1. ਸੰਜੇ ਨਗਰ ਟੋਭੇ ਦੀ ਡੀ-ਸਿਲਟਿੰਗ ਕਰਕੇ 10-10 ਫੁੱਟ ਡੂੰਘਾ ਕੀਤਾ ਗਿਆ ਹੈ ਅਤੇ ਹੋਰ 5-5 ਫੁੱਟ ਡੂੰਘਾ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।
2. ਗੰਦੇ ਨਾਲੇ ਦੀ ਡੀ-ਸਿਲਟਿੰਗ ਕਰ ਦਿੱਤੀ ਗਈ ਹੈ।

ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਪਾਣੀ ਦੀ ਨਿਕਾਸੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਇਹ ਵੀ ਦਸਿਆ ਕਿ ਸ਼ਹਿਰ ਵਿੱਚ ਗੰਦੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਜੇਕਰ ਕਿਸੇ ਅਧਿਕਾਰੀ/ ਕਰਮਚਾਰੀ ਵੱਲੋਂ ਫੋਨ ਨਹੀਂ ਚੁੱਕਿਆ ਗਿਆ ਤਾਂ ਇਸ ਸਬੰਧੀ ਸਬੰਧਤ ਅਧਿਕਾਰੀ/ ਕਰਮਚਾਰੀ ਨੂੰ ਤਾੜਨਾ ਕੀਤੀ ਜਾਵੇਗੀ।

ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਦਸਿਆ ਕਿ ਪਰਸ ਰਾਮ ਨਗਰ, ਮੇਨ ਰੋਡ ਤੇ ਇੰਟਰਲਾਕਿੰਗ ਟਾਇਲਾਂ ਲਗਾਈਆਂ ਜਾ ਰਹੀਆਂ ਹਨ। ਪਰੰਤੂ ਇਸ ਸੜ੍ਹਕ ਤੇ ਕੋਈ ਵੀ ਰੋਡ ਜਾਲੀ ਨਹੀਂ ਬਣਾਈ ਗਈ। ਇਸ ਨਾਲ ਪਾਣੀ ਦੀ ਨਿਕਾਸੀ ਵਿੱਚ ਬਹੁਤ ਜਿਆਦਾ ਦਿੱਕਤ ਆਵੇਗੀ। ਉਹਨਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਨਗਰ ਸੁਧਾਰ ਟਰੱਸਟ ਦੇ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਇਸ ਸਬੰਧੀ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਜਰੂਰਤ ਅਨੁਸਾਰ ਰੋਡ ਜਾਲੀਆਂ ਬਣਵਾਈਆਂ ਜਾਣ।

ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਕੂੜ੍ਹਾ ਚੁੱਕਣ ਦੇ ਪਿਛਲੇ 9 ਮਹੀਨਿਆਂ ਦੇ ਪੈਸੇ ਮੰਗੇ ਜਾ ਰਹੇ ਹਨ, ਜੋ ਕਿ ਗਰੀਬ ਲੋਕਾਂ ਲਈ ਇੱਕਠੇ ਦੇਣੇ ਬਹੁਤ ਮੁਸ਼ਕਿਲ ਹਨ। ਉਹਨਾਂ ਬੇਨਤੀ ਕੀਤੀ ਕਿ ਕੂੜ੍ਹਾ ਚੁੱਕਣ ਲਈ ਬਣਦੀ ਰਕਮ ਇੱਕਠੀ ਨਾ ਲੈ ਕੇ ਹਰ ਮਹੀਨੇ ਲਈ ਜਾਵੇ। ਉਹਨਾਂ ਆਪਣੇ ਵਾਰਡ ਲਈ ਬੈਂਚਾਂ ਅਤੇ ਟਰੀ ਗਾਰਡ ਦੀ ਮੰਗ ਕੀਤੀ।

ਹਾਊਸ ਵਿੱਚ ਮੌਜੂਦ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ਼ ਦੀ ਡੀ-ਸਿਲਟਿੰਗ ਸਮੇਂ ਸਿਰ ਨਾ ਹੋਣ ਕਾਰਨ ਲੋਕਾਂ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਮੰਗ ਕੀਤੀ ਕਿ ਸ਼ਹਿਰ ਦੀ ਆਬਾਦੀ ਅਤੇ ਵੱਧ ਰਹੇ ਏਰੀਏ ਨੂੰ ਦੇਖਦੇ ਹੋਏ ਯੋਗ ਹੋਵੇਗਾ ਕਿ ਨਗਰ ਨਿਗਮ ਵੱਲੋਂ ਦੋ ਹੋਰ ਸੁਪਰ ਸਕੱਰ ਮਸ਼ੀਨਾਂ ਦੀ ਖਰੀਦ ਕਰ ਲਈ ਜਾਵੇ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਕੌਂਸਲਰ ਸਾਹਿਬਾਨ ਵੱਲੋਂ ਕਹੀ ਹੋਈ ਗੱਲ ਵਾਜ਼ਬ ਹੈ। ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਦੋ ਸੁਪਰ ਸਕੱਰ ਮਸ਼ੀਨਾਂ ਦੀ ਖਰੀਦ ਤਾਂ ਕਰ ਲਈਆਂ ਜਾਣਗੀਆਂ, ਪਰੰਤੂ ਨਗਰ ਨਿਗਮ ਵੱਲੋਂ ਹੀ ਸੱਭ ਕੁੱਝ ਕਿਉਂ ਕੀਤਾ ਜਾਵੇ। ਉਹਨਾਂ ਦਸਿਆ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਨਗਰ ਨਿਗਮ ਵੱਲੋਂ ਹੀ 134 ਕਰਮਚਾਰੀ ਦਿੱਤੇ ਗਏ ਹਨ, ਜਿੰਨ੍ਹਾ ਦੀ ਤਨਖਾਹ ਨਗਰ ਨਿਗਮ ਵੱਲੋਂ ਹੀ ਦਿੱਤੀ ਜਾ ਰਹੀ ਹੈ। ਇਸਤੋਂ ਇਲਾਵਾ ਨਗਰ ਨਿਗਮ ਵੱਲੋਂ ਕਰੋੜ੍ਹਾਂ ਰੁਪਏ ਦੇ ਫੰਡ ਸੀਵਰੇਜ਼ ਦੀ ਮੈਨਟੀਨੈਂਸ ਲਈ ਦਿੱਤੇ ਜਾਂਦੇ ਹਨ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਨਗਰ ਨਿਗਮ ਵੱਲੋਂ ਤ੍ਰਿਵੇਣੀ ਕੰਪਨੀ ਦੇ ਕੰਮ ਨਾ ਕਰਨ ਤੇ ਜੁਰਮਾਨੇ ਤਾਂ ਲਗਾ ਦਿੱਤੇ ਜਾਂਦੇ ਹਨ ਪਰੰਤੂ ਵਸੂਲ ਨਹੀਂ ਕੀਤੇ ਜਾਂਦੇ। ਇਸਤੇ ਸ਼੍ਰੀ ਕਿਸ਼ੋਰ ਚੰਦ ਬਾਂਸਲ, ਨਿਗ: ਇੰਜੀਨੀਅਰ ਨੇ ਦਸਿਆ ਕਿ ਜੁਰਮਾਨੇ ਦੀ ਰਾਸ਼ੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕੱਟ ਕੇ ਬਾਕੀ ਦੀ ਅਦਾਇਗੀ ਤ੍ਰਿਵੇਣੀ ਕੰਪਨੀ ਨੂੰ ਕਰਨੀ ਹੁੰਦੀ ਹੈ। ਨਗਰ ਨਿਗਮ ਵੱਲੋਂ ਜੁਰਮਾਨੇ ਦੀ ਰਕਮ ਕੱਟ ਕੇ ਹੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਅਦਾਇਗੀ ਕੀਤੀ ਜਾ ਰਹੀ ਹੈ। ਉਹਨਾਂ ਦਸਿਆ ਕਿ ਤਕਰੀਬਨ 2.00 ਕਰੋੜ੍ਹ ਰੁਪਏ ਦੇ ਜੁਰਮਾਨੇ ਦੀ ਰਕਮ ਕੱਟ ਕੇ ਹੀ ਅਦਾਇਗੀ ਕੀਤੀ ਜਾਵੇਗੀ। ਇਸਤੋਂ ਇਲਾਵਾ 1.50 ਕਰੋੜ੍ਹ ਰੁਪਏ ਡੀ-ਸਿਲਟਿੰਗ ਨਾ ਕਰਨ ਤੇ ਕੱਟੇ ਗਏ ਹਨ। ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਇੱਕ ਪਾਸੇ ਤਾਂ ਕੰਪਨੀ ਵੱਲੋਂ ਕੰਮ ਨਾ ਕਰਨ ਤੇ ਬਣਦੇ ਫੰਡਜ਼ ਕੱਟਣ ਦੀ ਗੱਲ ਹੋ ਰਹੀ ਹੈ, ਦੂਸਰੇ ਪਾਸੇ ਮਸ਼ੀਨਾਂ ਲੈਣ ਦੀ। ਜੇਕਰ ਨਗਰ ਨਿਗਮ ਵੱਲੋਂ ਹੀ ਡੀ-ਸਿਲਟਿੰਗ ਦਾ ਕੰਮ ਆਪਣੇ ਪੱਧਰ ਤੇ ਕਰ ਦਿੱਤਾ ਗਿਆ ਤਾਂ ਕੰਪਨੀ ਵੱਲੋਂ ਬਣਦੀ ਰਕਮ ਨਹੀਂ ਕੱਟੀ ਜਾ ਸਕੇਗੀ। ਉਹਨਾਂ ਦਸਿਆ ਕਿ ਸ਼ਹਿਰ ਦਾ ਗੰਦਾ ਪਾਣੀ ਲਸਾੜਾ ਡਰੇਨ ਵਿੱਚ ਸੁੱਟਿਆ ਜਾਂਦਾ ਹੈ ਜੋ ਕਿ ਪੰਜਾਬ ਅਤੇ ਹਰਿਆਣਾ ਵੱਲੋਂ ਸਾਂਝੇ ਤੋਰ ਤੇ ਬਣਾਇਆ ਗਿਆ ਸੀ। ਉਹਨਾਂ ਕਿਹਾ ਕਿ ਇਸ ਸਬੰਧੀ ਰਿਕਾਰਡ ਘੋਖਣ ਅਤੇ ਨਾਲਾ ਹਰ ਹਾਲਤ ਵਿੱਚ ਚਾਲੂ ਰੱਖਣ ਲਈ ਗੰਭੀਰਤਾ ਨਾਲ ਵਿਚਾਰ ਕਰਨਾ ਯੋਗ ਹੋਵੇਗਾ। ਉਹਨਾਂ ਇਹ ਵੀ ਕਿਹਾ ਕਿ ਇਸ ਸਬੰਧੀ ਰਿਕਾਰਡ ਮੁੱਹਈਆ ਕਰਾਉਣ ਤੇ ਉਹਨਾਂ ਵੱਲੋਂ ਆਪਣੇ ਪੱਧਰ ਤੇ ਮਾਨਯੋਗ ਕੋਰਟ ਵਿਖੇ ਪੀ.ਆਈ.ਐਲ. ਦੇਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਸ਼ਹਿਰ ਵਿੱਚ ਡੀ-ਸਿਲਟਿੰਗ ਸਮੇਂ ਸਿਰ ਨਾ ਹੋਣ ਸਬੰਧੀ ਸਮੱਸਿਆ ਸਾਰੇ ਸ਼ਹਿਰ ਦੀ ਹੈ। ਉਹਨਾਂ ਇਸ ਸਬੰਧੀ ਦੋ ਸੁਪਰ ਸਕੱਰ ਮਸ਼ੀਨਾਂ ਦੀ ਖਰੀਦ ਕਰਨ ਅਤੇ ਇਹਨਾਂ ਨੂੰ ਚਲਾਉਣ ਲਈ ਲੋੜੀਂਦੇ ਡਰਾਈਵਰ ਅਤੇ ਹੋਰ ਸਟਾਫ ਰੱਖਣ ਦੀ ਹਦਾਇਤ ਕੀਤੀ। ਉਹਨਾਂ ਇਹ ਵੀ ਹਦਾਇਤ ਕੀਤੀ ਕਿ ਡੀ-ਸਿਲਟਿੰਗ ਦਾ ਕੰਮ ਕਰਨ ਲਈ ਤ੍ਰਿਵੇਣੀ ਕੰਪਨੀ ਜਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਕਿਹਾ ਜਾਵੇ। ਜੇਕਰ ਉਹਨਾਂ ਵਲੋਂ ਨਿਰਧਾਰਤ 24 ਘੰਟਿਆਂ ਦੇ ਅੰਦਰ-ਅੰਦਰ ਸ਼ਿਕਾਇਤ ਦਾ ਨਿਵਾਰਣ ਨਹੀਂ ਕੀਤਾ ਜਾਂਦਾ ਤਾਂ ਨਗਰ ਨਿਗਮ ਵੱਲੋਂ ਕੰਪਨੀ ਨੂੰ ਨੋਟਿਸ ਦਿੱਤਾ ਜਾਵੇ। ਨੋਟਿਸ ਦੇਣ ਉਪਰੰਤ ਉਹਨਾਂ ਦੇ ਬਣਦੇ ਫੰਡਜ਼ ਕੱਟ ਕੇ ਨਗਰ

ਨਿਗਮ ਵੱਲੋਂ ਆਪਣੇ ਪੱਧਰ ਤੇ ਕੰਮ ਕਰਵਾਇਆ ਜਾਵੇ, ਤਾਂ ਜੋ ਆਮ ਪਬਲਿਕ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ। ਇਸ ਸਬੰਧੀ ਰੋਸਟਰ ਤਿਆਰ ਕੀਤਾ ਜਾਵੇ।

**ਇਸਤੇ ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ ਕਿ ਸੀ.ਐਸ.ਆਰ. ਰੇਟਾਂ ਤੇ ਦੋ ਸੁਪਰ ਸੱਕਰ ਮਸ਼ੀਨਾਂ ਦੀ ਖਰੀਦ ਕੀਤੀ ਜਾਵੇ ਅਤੇ ਇੰਨ੍ਹਾਂ ਨੂੰ ਚਲਾਉਣ ਲਈ ਲੋੜੀਂਦਾ ਸਟਾਫ ਵੀ ਰੱਖਿਆ ਜਾਵੇ। ਇਸ ਸਬੰਧੀ ਸਰਕਾਰ ਪਾਸੋਂ ਬਣਦੀ ਲੋੜੀਂਦੀ ਗਰਾਂਟ ਦੀ ਮੰਗ ਕੀਤੀ ਜਾਵੇ।**

ਸ਼੍ਰੀ ਪ੍ਰਦੀਪ ਗੋਇਲ, ਕੋਂਸਲਰ ਨੇ ਕਿਹਾ ਕਿ ਪ੍ਰਤਾਪ ਨਗਰ, ਮੇਨ ਰੋਡ ਤੇ ਗਲੀ ਨੰਬਰ 1 ਤੋਂ ਲੈ ਕੇ 21 ਤੱਕ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਹੈ। ਉਹਨਾਂ ਜਾਣੂ ਕਰਵਾਇਆ ਕਿ ਇਸ ਏਰੀਏ ਵਿੱਚ ਤਕਰੀਬਨ 40-45 ਸਾਲ ਪਹਿਲਾਂ ਸੀਵਰੇਜ਼ ਦੀ ਪਾਈਪ ਲਾਈਨ ਪਾਈ ਗਈ ਸੀ। ਇਹ ਤਕਰੀਬਨ ਅੱਧਾ-ਪੌਣਾ ਕਿਲੋਮੀਟਰ ਹੀ ਹੈ, ਜੋ ਕਿ ਹੁਣ ਚੌਕ ਹੋ ਚੁੱਕੀ ਹੈ। ਉਹਨਾਂ ਇਸ ਪਾਈਪ ਨੂੰ ਬਦਲਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਹੁਣ ਗਰਮੀ ਦਾ ਮੌਸਮ ਆ ਰਿਹਾ ਹੈ। ਉਹਨਾਂ ਬੇਨਤੀ ਕੀਤੀ ਕਿ ਉਹਨਾਂ ਦੇ ਏਰੀਏ ਵਿੱਚ ਗਰਮੀ ਦੋਰਾਨ ਪੀਣ ਵਾਲੇ ਪਾਣੀ ਦੀ ਬਹੁਤ ਜਿਆਦਾ ਸਮੱਸਿਆ ਰਹਿੰਦੀ ਹੈ। ਉਹਨਾਂ ਇਸ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਨ ਦੀ ਮੰਗ ਵੀ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਦਫਤਰ ਵੱਲੋਂ ਜੋ ਵਿਕਾਸ ਦੇ ਕੰਮਾਂ ਦੇ ਤਖਮੀਨੇ ਬਣਾਏ ਗਏ ਹਨ, ਉਹਨਾਂ ਨੂੰ ਅੱਜ ਦੀ ਮੀਟਿੰਗ ਵਿੱਚ ਕਿਉਂ ਨਹੀਂ ਲਗਾਇਆ ਗਿਆ?

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜੇਕਰ ਇਸ ਏਰੀਏ ਵਿੱਚ ਲੋਕਾਂ ਨੂੰ ਸੀਵਰੇਜ਼ ਚੋਕ ਹੋਣ ਕਾਰਨ ਤਕਲੀਫ ਹੋ ਰਹੀ ਹੈ ਤਾਂ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ। ਇਸਤੋਂ ਇਲਾਵਾ ਸੰਦੀਪ ਪਾਰਕ ਵਾਲੀ ਟੈਂਕੀ ਦਾ ਵਾਲਵ ਚੈਕ ਕਰਵਾਇਆ ਜਾਵੇ ਅਤੇ ਸ਼੍ਰੀ ਪ੍ਰਦੀਪ ਕੁਮਾਰ ਗੋਇਲ, ਕੋਂਸਲਰ ਦੇ ਵਾਰਡ ਵਿੱਚ ਪੀਣ ਵਾਲੇ ਪਾਣੀ ਦੀ ਆਉਂਦੀ ਸਮੱਸਿਆ ਦਾ ਵੀ ਹੱਲ ਕੀਤਾ ਜਾਵੇ।

ਸ੍ਰ: ਹਰਮਿੰਦਰ ਸਿੰਘ, ਕੋਂਸਲਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਦਫਤਰ ਵੱਲੋਂ ਬਣਾਏ ਵਿਕਾਸ ਦੇ ਕੰਮਾਂ ਦੇ ਤਖਮੀਨੇ ਵੀ ਵਿਚਾਰ ਲਏ ਜਾਣ। ਉਹਨਾਂ ਇਹ ਵੀ ਕਿਹਾ ਕਿ ਕੋਈ ਵੀ ਮੈਂਬਰ ਕੋਈ ਵੀ ਏਜੰਡਾ ਰੱਖ ਸਕਦਾ ਹੈ।

ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਹੋਣ ਵਾਲੇ ਵਿਕਾਸ ਦੇ ਕੰਮਾਂ ਬਾਰੇ ਸਾਰੇ ਮੈਂਬਰ ਸਾਹਿਬਾਨ ਨੂੰ ਪੁੱਛ ਕੇ ਵਿਕਾਸ ਦੇ ਕੰਮਾਂ ਤੇ ਤਖਮੀਨੇ ਬਣਾ ਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਹਿੱਤ ਭੇਜੇ ਜਾਣ।

ਸ੍ਰ: ਜਗਰੂਪ ਸਿੰਘ ਗਿੱਲ,ਕੋਂਸਲਰ ਅਤੇ ਸ੍ਰ: ਹਰਮਿੰਦਰ ਸਿੰਘ, ਕੋਂਸਲਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਅਗਲੀ ਹੋਣ ਵਾਲੀ ਜਨਰਲ ਹਾਊਸ ਦੀ ਮੀਟਿੰਗ ਖਾਤਰ ਮਿਤੀ ਦੱਸ ਦਿੱਤੀ ਜਾਵੇ।

ਸ੍ਰ: ਬਲਜੀਤ ਸਿੰਘ ਬੀੜਬਹਿਮਣ ਨੇ ਕਿਹਾ ਕਿ ਇਹ ਹਾਊਸ ਮਾਹ ਮਾਰਚ ਵਿੱਚ ਖਤਮ ਹੋ ਜਾਵੇਗਾ। ਉਹਨਾਂ ਕਿਹਾ ਕਿ ਅੱਜ ਤੱਕ ਆਪਾਂ ਲੋਕਾਂ ਦੇ ਕੰਮਾਂ ਪ੍ਰਤੀ ਸਿਰਫ ਦਿਖਾਵਾ ਕਰਦੇ ਰਹੇ ਹਾਂ ਅਤੇ ਹਰ ਮੀਟਿੰਗ ਵਿੱਚ ਇਕ ਦੂਜੇ ਨਾਲ ਮਹਿਣੋ ਮਹਿਣੀ ਹੁੰਦੇ ਰਹਿੰਦੇ ਹਾਂ। ਆਪਾਂ ਪਿਛਲੇ 6 ਮਹੀਨੇ ਸਿਰਫ ਲੜਾਈ ਵਿੱਚ ਹੀ ਵਤੀਤ ਕੀਤੇ ਹਨ। ਹੁਣ ਆਪਾਂ ਨੂੰ ਲੜਾਈ ਝਗੜੇ ਛੱਡ ਕੇ ਲੋਕਾਂ ਖਾਤਰ ਵਿਕਾਸ ਦੇ ਕੰਮ ਕਰਨੇ ਚਾਹੀਦੇ ਹਨ ਅਤੇ ਮੁਲਾਜ਼ਮਾਂ ਦੇ ਜੋ ਵੀ ਕੰਮ ਹੋਣ ਵਾਲੇ ਹਨ, ਉਹ ਕੀਤੇ ਜਾਣੇ ਚਾਹੀਦੇ ਹਨ।

ਇਸਤੇ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਸ੍ਰ: ਜਗਰੂਪ ਸਿੰਘ ਗਿੱਲ ਅਤੇ ਸ੍ਰ: ਹਰਮਿੰਦਰ ਸਿੰਘ, ਕੋਂਸਲਰ ਨੂੰ ਕਿਹਾ ਕਿ ਤੁਸੀ ਸਮਝਦਾਰ ਮੈਂਬਰ ਹੋ। ਮਾਨਯੋਗ ਮੇਅਰ ਸਾਹਿਬ ਜੀ ਦੀ ਇਕ ਪੋਸਟ ਹੈ ਅਤੇ ਇਸ ਪੋਸਟ ਦੀ ਆਪਣੀ ਗਰੀਮਾ ਹੈ। ਇਸ ਲਈ ਸਾਨੂੰ ਅਜਿਹਾ ਵਰਤਾਅ ਨਹੀਂ ਕਰਨਾ ਚਾਹੀਦਾ। ਉਹਨਾਂ ਕਿਹਾ ਕਿ ਕਿਸੇ ਵੀ ਏਜੰਡੇ ਤੋਂ ਬਿਨਾਂ ਮੀਟਿੰਗ ਵਿੱਚ ਵਿਚਾਰ ਨਹੀਂ ਕੀਤਾ ਜਾ ਸਕਦਾ। ਉਹਨਾਂ ਸ੍ਰ: ਬਲਜੀਤ ਸਿੰਘ ਬੀੜਬਹਿਮਣ, ਸਾਬਕਾ ਮੇਅਰ ਨਾਲ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਮਾਹ ਫਰਵਰੀ ਵਿੱਚ ਜਨਰਲ ਹਾਊਸ ਦੀ ਅਗਲੀ ਮੀਟਿੰਗ ਕਰ ਦਿੱਤੀ ਜਾਵੇਗੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 12.07.2019, ਮਿਤੀ 13.09.2019 ਅਤੇ ਮੀਟਿੰਗ ਮਿਤੀ 27.09.2019 ਦੀ ਕਾਰਵਾਈ ਦੀ ਪਕਿਆਈ।

**ਸ੍ਰ: ਜਗਰੂਪ ਸਿੰਘ ਗਿੱਲ, ਕੋਂਸਲਰ ਨੇ ਕਿਹਾ ਕਿ ਮੀਟਿੰਗ ਮਿਤੀ 12.07.2019 ਅਤੇ 13.09.2019 ਦੀ ਕਾਰਵਾਈ ਦੀ ਪਕਿਆਈ ਕਰ ਲਈ ਜਾਵੇ। ਮੀਟਿੰਗ ਮਿਤੀ 27.09.2019 ਦੀ ਪਕਿਆਈ ਖਾਤਰ ਉਹਨਾਂ ਕਿਹਾ ਕਿ ਇਸ ਮੀਟਿੰਗ ਦੀ ਪਕਿਆਈ ਕਰਨ ਦੀ ਲੋੜ੍ਹ ਨਹੀਂ ਹੈ। ਉਹਨਾਂ ਕਿਹਾ ਕਿ ਕਾਂਗਰੇਸ ਪਾਰਟੀ ਦੇ ਕੋਂਸਲਰ ਸਾਹਿਬਾਨ ਵੱਲੋਂ ਜੋ ਏਜੰਡਾ ਮਾਨਯੋਗ ਮੇਅਰ ਸਾਹਿਬ ਦੇ ਖਿਲਾਫ No Confidence Motion ਸਬੰਧੀ ਲਿਆਂਦਾ ਗਿਆ ਸੀ, ਉਹ ਮੀਟਿੰਗ ਤੋਂ ਪਹਿਲਾਂ ਹੀ ਵਿਦਡਰਾਅ ਕਰ ਲਿਆ ਗਿਆ ਸੀ। ਇਸ ਲਈ ਇਹ ਮੀਟਿੰਗ ਹੀ ਕਰਨੀ ਨਹੀਂ ਸੀ ਬਣਦੀ। ਉਹਨਾਂ ਇਸ ਮੱਦ ਨੂੰ ਡੀਲਿਟ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਇਸ ਸਬੰਧੀ ਕਾਨੂੰਨੀ ਰਾਏ ਲੈ ਲਈ ਜਾਵੇ ਕਿ ਇਹ ਮੱਦ ਡੀਲਿਟ ਕਰਨੀ ਹੈ ਜਾਂ ਇਸਦੀ ਪਕਿਆਈ ਕਰਨੀ ਬਣਦੀ ਹੈ।**

| | |
|---|---|
| **ਮਤਾ ਨੰਬਰ 38 :** | **ਮੀਟਿੰਗ ਮਿਤੀ 12.07.2019, ਮਿਤੀ 13.09.2019 ਦੀ ਪਕਿਆਈ ਕੀਤੀ ਜਾਂਦੀ ਹੈ ਅਤੇ ਮੀਟਿੰਗ ਮਿਤੀ 27.09.2019 ਨੂੰ ਨੋਟ ਕੀਤਾ ਜਾਂਦਾ ਹੈ।** |

**<u>ਏਜੰਡਾ ਨੰ: 2:</u>**

ਰਿਪੋਰਟ ਵਰਕਸ ਸ਼ਾਖਾ ਕਿ ਜਲ ਸ਼ਕਤੀ ਅਭਿਆਨ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਹੈ, ਜਿਸ ਸਬੰਧੀ ਜਿਲ੍ਹਾ ਪ੍ਰਸ਼ਾਸਨ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਸਾਰੇ ਸਰਕਾਰੀ ਦਫਤਰਾਂ/ ਬਿਲਡਿੰਗਾਂ ਵਿੱਚ ਰਿਚਾਰਜ਼ਵੈਲ ਬਣਾਏ ਜਾਣ। ਨਗਰ ਨਿਗਮ ਬਠਿੰਡਾ ਵੱਲੋਂ ਲਗਭਗ 50 ਆਰ.ਓ. ਸ਼ਹਿਰ ਦੇ ਵੱਖ-ਵੱਖ ਏਰੀਏ ਵਿੱਚ ਚਲਾਏ ਜਾ ਰਹੇ ਹਨ। ਇੱਕ ਰਿਚਾਰਜ਼ਵੈਲ ਤੇ ਅੰਦਾਜ਼ਨ 10000/- ਰੁਪਏ ਦਾ ਖਰਚ ਆਉਣ ਦਾ ਅਨੁਮਾਨ ਹੈ। ਇਸ ਤਰ੍ਹਾਂ 50 ਆਰ.ਓ. ਤੇ ਰਿਚਾਰਜ਼ਵੈਲ ਬਨਾਉਣ ਤੇ ਅੰਦਾਜ਼ਨ 5.00 ਲੱਖ ਰੁਪਏ ਦਾ ਖਰਚਾ ਆਵੇਗਾ। ਇਸ ਮੱਦ ਨੂੰ ਮਤਾ ਨੰਬਰ 11 ਮਿਤੀ 13.09.2019 ਰਾਹੀਂ ਪੈਂਡਿੰਗ ਰੱਖਿਆ ਗਿਆ ਸੀ। ਹੁਣ ਮੁੱੜ੍ਹ ਤੋਂ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਪੁੱਛਿਆ ਕਿ ਕੀ ਇਸ ਸਬੰਧੀ Pollution Control Board ਪਾਸੋਂ N.O.C. ਲੈ ਲਿਆ ਗਿਆ ਹੈ ਜਾਂ ਨਹੀਂ? ਸ੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਪਹਿਲਾਂ ਜੋ ਰਿਚਾਰਜ਼ ਵੈਲ ਲਗਾਏ ਗਏ ਹਨ, ਕੀ ਉਹ ਠੀਕ ਤਰੀਕੇ ਨਾਲ ਕੰਮ ਕਰ ਰਹੇ ਹਨ? ਇਸਤੇ ਸ਼੍ਰੀ ਕਿਸ਼ੋਰ ਚੰਦ ਬਾਂਸਲ, ਨਿਗ: ਇੰਜੀਨੀਅਰ ਨੇ ਦਸਿਆ ਕਿ ਪਹਿਲਾਂ ਵਾਲੇ ਰਿਚਾਰਜ਼ ਵੈਲ ਸਹੀ ਤਰੀਕੇ ਨਾਲ ਕੰਮ ਕਰ ਰਹੇ ਹਨ।**

| | |
|---|---|
| **ਮਤਾ ਨੰਬਰ 39 :** | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਜੇਕਰ ਇਸ ਸਬੰਧੀ Pollution Control Board ਪਾਸੋਂ N.O.C. ਲੈਣ ਦੀ ਲੋੜ੍ਹ ਹੋਵੇ ਤਾਂ ਉਹ ਪਹਿਲਾਂ ਲੈ ਲਿਆ ਜਾਵੇ।** |

**<u>ਏਜੰਡਾ ਨੰਬਰ 3 :</u>**

ਦਫਤਰੀ ਰਿਪੋਰਟ ਕਿ ਸ਼੍ਰੀ ਕੁਨਾਲ ਸ਼ਰਮਾ, ਸੋਫਟਲ ਸੋਲੂਸ਼ਨ ਬਠਿੰਡਾ ਵੱਲੋਂ ਦਰਖਾਸਤ ਡਾਇਰੀ ਨੰਬਰ 1959 ਮਿਤੀ 01.04.2019 ਰਾਹੀਂ ਬੇਨਤੀ ਕੀਤੀ ਹੈ ਕਿ ਉਹਨਾਂ ਵੱਲੋਂ ਆਨ ਲਾਈਨ ਪ੍ਰਾਪਰਟੀ ਟੈਕਸ ਅਤੇ ਪਾਣੀ ਸੀਵਰੇਜ਼ ਦੀ ਸਾਈਟ ਨੂੰ ਮੈਨਟੇਨ ਕਰਨ ਅਤੇ ਵੈਬ ਪੋਰਟਲ ਦੀ ਅਪਡੇਸ਼ਨ ਲਈ ਮੈਨਟੀਨੈਂਸ ਚਾਰਜ਼ਿਜ਼ ਲਏ ਜਾਂਦੇ ਹਨ। ਪਰ ਹੁਣ ਨਗਰ ਨਿਗਮ ਦੀ ਲੋੜ੍ਹ ਅਨੁਸਾਰ Online Complaint Management System with complaint tracking, New Latest Technology Dynamic Website, Garbage Collection, Daily Income Statement and App Base Payment Collection with hand held Devices ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਨਾਲ ਕੰਮ ਕਰਨ ਦੀ ਰਫਤਾਰ ਵਿੱਚ ਵਾਧਾ ਹੋਵੇਗਾ ਅਤੇ ਸਮੇਂ ਦੀ ਬਚਤ ਦੇ ਨਾਲ-ਨਾਲ ਰੈਵਨਿਊ ਵਿੱਚ ਵੀ ਵਾਧਾ ਹੋਵੇਗਾ। ਸੋ ਉਹਨਾਂ ਵੱਲੋਂ ਪੁਰਜ਼ੋਰ ਬੇਨਤੀ ਕੀਤੀ ਹੈ ਕਿ Additional Development & Maintenance of the Projects ਨੂੰ ਧਿਆਨ ਵਿੱਚ ਰਖਦੇ ਹੋਏ ਮੈਨਟੀਨੈਂਸ ਚਾਰਜ਼ਿਜ਼ 10,000/- + GST ਵਾਧਾ ਕੀਤਾ ਜਾਵੇ।

ਇੱਥੇ ਦਸਣਯੋਗ ਹੋਵੇਗਾ ਕਿ ਸਰਕਾਰ ਵੱਲੋਂ Softel Solutions ਬਠਿੰਡਾ ਨੂੰ ਨਗਰ ਨਿਗਮ ਦੇ ਮਤਾ ਨੰਬਰ 45 ਮਿਤੀ 25.09.2018 ਅਨੁਸਾਰ 15000/- ਰੁਪਏ ਪ੍ਰਤੀ ਮਹੀਨਾ + ਟੈਕਸ ਦੀ ਪ੍ਰਵਾਨਗੀ 1 ਸਾਲ (31.03.2019) ਤੱਕ ਦਿੱਤੀ ਗਈ ਹੈ। ਸੋ, Softel Solutions ਬਠਿੰਡਾ ਵੱਲੋਂ ਪ੍ਰਤੀ ਬੇਨਤੀ ਤੇ ਵਿਚਾਰ ਕਰਨ ਅਤੇ ਇਸਦੇ ਸਲਾਨਾ ਮੈਨਟੀਨੈਂਸ ਚਾਰਜ਼ਿਜ਼ (AMC) ਸਮੇਂ ਵਿੱਚ ਮਿਤੀ 01.04.2019 ਤੋਂ 31.03.2021 ਤੱਕ ਦੋ ਸਾਲ ਲਈ ਵਾਧਾ ਕਰਨ ਅਤੇ ਵੈਬ ਸਾਈਟ ਲਈ ਮੈਨਟੀਨੈਂਸ ਲਈ ਪਹਿਲਾਂ ਦਿੱਤੇ ਜਾ ਰਹੇ ਮੈਨਟੀਨੈਂਸ ਚਾਰਜ਼ਿਜ਼ 15000+ GST ਪ੍ਰਤੀ ਮਹੀਨਾ ਤੋਂ ਵਧਾ ਕੇ 25000+ GST ਪ੍ਰਤੀ ਮਹੀਨਾ ਕਰਨ ਲਈ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਕਿ "Pl. get the comments from new recruits from IT sector & MIS, SBM about input required and its value on market rates". ਉਹਨਾਂ ਵੱਲੋਂ ਰਿਪੋਰਟ ਕੀਤੀ ਗਈ ਕਿ "After review of the working by Softel Solutions, we acknowledge their request for increase in maintenance charges. Further, keeping in view of their efforts, performance and contribution for our organization, we may consider their request is valid as per market rates".

ਇਸ ਮੱਦ ਨੂੰ ਮਤਾ ਨੰਬਰ 12 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੱੜ੍ਹ ਤੋਂ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਸੰਦੀਪ ਗੁਪਤਾ, ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਦਫਤਰ ਵਿਖੇ ਕੰਪਿਊਟਰਾਇਜ਼ੇਸ਼ਨ ਦਾ ਕੰਮ ਪਹਿਲਾਂ ਨਾਲੋਂ ਬਹੁਤ ਜਿਆਦਾ ਵੱਧ ਗਿਆ ਹੈ। ਹੁਣ ਕੋਈ ਵੀ ਰਸੀਦ ਮੈਨੂਅਲ ਨਹੀਂ ਕੱਟੀ ਜਾਵੇਗੀ। ਇਸਤੋਂ ਇਲਾਵਾ ਵਾਟਰ ਸਪਲਾਈ, ਸੀਵਰੇਜ਼, ਬਿਲਡਿੰਗਾਂ ਦੇ ਨਕਸ਼ੇ ਅਤੇ ਪ੍ਰਾਪਰਟੀ ਟੈਕਸ ਆਦਿ ਲਈ ਕੰਪਿਊਟਰ ਸਾਫਟਵੇਅਰ ਦਾ ਹੀ ਸਹਾਰਾ ਲਿਆ ਜਾਵੇਗਾ। ਫਰਮ ਨੂੰ ਪਹਿਲਾਂ ਵਾਲੇ ਰੇਟਾਂ ਤੇ ਕੰਮ ਕਰਨਾ ਮੁਸ਼ਕਿਲ ਹੋ ਰਿਹਾ ਹੈ। ਇਸ ਲਈ ਰੇਟ ਵਧਾਉਣ ਦੀ ਤਜਵੀਜ ਪੇਸ਼ ਕੀਤੀ ਗਈ ਹੈ।**

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਦਸਿਆ ਕਿ ਪ੍ਰਾਪਰਟੀ ਟੈਕਸ ਲਾਗੂ ਹੋਣ ਤੋਂ ਪਹਿਲਾਂ ਹਾਊਸ ਟੈਕਸ ਲਾਗੂ ਸੀ। ਉਹਨਾਂ ਕਿਹਾ ਕਿ ਹਾਊਸ ਟੈਕਸ ਦਾ ਰਿਕਾਰਡ ਇੱਕ ਅਹਿਮ ਰਿਕਾਰਡ ਹੈ। ਉਹਨਾਂ ਬੇਨਤੀ ਕੀਤੀ ਕਿ ਹਾਊਸ ਟੈਕਸ ਦੇ ਰਿਕਾਰਡ ਨੂੰ ਲੈਮੀਨੇਟ ਕਰਵਾ ਲਿਆ ਜਾਵੇ। ਇਸ ਸਬੰਧੀ ਕਿਸੇ ਵੀ ਏਜੰਸੀ ਪਾਸੋਂ ਆਫਰ ਲੈ ਲਈ ਜਾਵੇ। ਉਹਨਾਂ ਇਹ ਵੀ ਬੇਨਤੀ ਕੀਤੀ ਕਿ ਇਸ ਰਿਕਾਰਡ ਨੂੰ ਕੰਪਿਊਟਰਾਇਜ਼ਡ ਕਰਵਾ ਕੇ ਇਸ ਦੀਆਂ ਸਾਫਟ ਕਾਪੀਆਂ ਵੀ ਬਣਵਾ ਲਈਆਂ ਜਾਣ।**

**ਸ੍ਰ: ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਪ੍ਰਾਪਰਟੀਆਂ ਦੇ ਜੋ ਸਮਾਰਟ ਕਾਰਡ ਬਣਾਏ ਹਨ, ਉਹਨਾਂ ਵਿੱਚ ਕਈਆਂ ਵਿੱਚ ਗਲਤੀਆਂ ਹਨ। ਉਹਨਾਂ ਦਸਿਆ ਕਿ ਜੇਕਰ ਕਿਸੇ ਪ੍ਰਾਪਰਟੀ ਦੇ ਤਿੰਨ ਮਾਲਕ ਸਨ, ਤਾਂ ਸਮਾਰਟ ਕਾਰਡ ਇੱਕ ਦੇ ਨਾਮ ਹੀ ਬਣਾ ਦਿੱਤਾ ਗਿਆ। ਇਸਤੋਂ ਇਲਾਵਾ ਕਈ ਯੂ.ਆਈ.ਡੀ. ਨੰਬਰਾਂ ਵਿੱਚ ਵੀ ਗਲਤੀਆਂ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ**

**ਕਰਨਾ ਪੈ ਰਿਹਾ ਹੈ। ਉਹਨਾਂ ਸੁਝਾਓ ਦਿੱਤਾ ਕਿ ਪੁਰਾਣੇ ਹਾਊਸ ਟੈਕਸ ਨੰਬਰ ਦੇ ਨਾਲ ਨਵਾਂ ਯੂ.ਆਈ.ਡੀ. ਨੰਬਰ ਲਿਖਿਆ ਜਾਵੇ, ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ।**

**ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਕਈ ਸਮਾਰਟ ਕਾਰਡਾਂ ਤੇ ਨਾਮ ਜਾਂ ਨੰਬਰ ਗਲਤ ਪਾਏ ਗਏ ਹਨ। ਉਹਨਾਂ ਕਿਹਾ ਕਿ ਕਈ ਪ੍ਰਾਪਰਟੀਆਂ ਦੇ ਮਾਲਕ ਇੱਕ ਤੋਂ ਵੱਧ ਹਨ, ਜਦਕਿ ਨਾਮ ਸਿਰਫ ਇੱਕ ਵਿਅਕਤੀ ਦਾ ਹੀ ਲਿਖਿਆ ਹੋਇਆ ਹੈ।**

**ਇਸਤੇ ਕਮਿਸ਼ਨਰ ਸਾਹਿਬ ਨੇ ਬਿਲਡਿੰਗ ਸ਼ਾਖਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦੋ ਹਫਤਿਆਂ ਦੇ ਅੰਦਰ-ਅੰਦਰ ਗਲਤੀਆਂ ਸੁਧਾਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

| | |
|---|---|
| **ਮਤਾ ਨੰਬਰ 40 :** | **ਪ੍ਰਵਾਨ ਹੈ।** |

**<u>ਏਜੰਡਾ ਨੰਬਰ 4:</u>**

ਰਿਪੋਰਟ ਓ.ਐਂਡ ਐਮ. ਸ਼ਾਖਾ ਬਠਿੰਡਾ ਸ਼ਹਿਰ ਵਿਖੇ ਮਿਤੀ 16.07.2019 ਨੂੰ ਹੋਈ 210 ਐਮ.ਐਮ. ਅਚਾਨਕ ਬਰਸਾਤ ਹੋਣ ਕਾਰਨ ਸ਼ਹਿਰ ਵਿੱਚ ਕਈ ਥਾਂਵਾਂ ਤੇ ਕਈ-ਕਈ ਫੁੱਟ ਪਾਣੀ ਖੜ੍ਹਾ ਸੀ। ਸ਼ਹਿਰ ਦੇ ਮੁੱਖ ਬਾਜਾਰਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਵੀ ਪਾਣੀ ਬਹੁਤ ਭਾਰੀ ਮਾਤਰਾ ਵਿੱਚ ਖੜ੍ਹਾ ਸੀ ਜਿਸ ਕਰਕੇ ਹੜ੍ਹ ਵਰਗੀ ਐਮਰਜੈਂਸੀ ਸਥਿਤੀ ਬਣੀ ਹੋਈ ਸੀ। ਮੌਸਮ ਵਿਭਾਗ ਅਨੁਸਾਰ ਵੀ ਆਉਣ ਵਾਲੇ ਦੋ-ਤਿੰਨ ਦਿਨਾਂ ਵਿੱਚ ਭਾਰੀ ਮੀਂਹ ਆ ਸਕਦਾ ਸੀ। ਸੋ ਇਸ ਖੜੇ ਪਾਣੀ ਤੋਂ ਮਹਾਂਮਾਰੀ ਫੈਲਣ ਦਾ ਵੀ ਖਦਸ਼ਾ ਬਣਿਆ ਹੋਇਆ ਸੀ। ਇਸੇ ਮੁੱਦੇ ਨੂੰ ਲੈ ਕੇ ਮਿਤੀ 22.07.2019 ਨੂੰ ਇੱਕ ਐਮਰਜੈਂਸੀ ਮੀਟਿੰਗ ਵੀ ਰੱਖੀ ਗਈ ਸੀ, ਜਿਸ ਵਿੱਚ ਐਮਰਜੈਂਸੀ ਨੂੰ ਦੇਖਦੇ ਹੋਏ ਜਲਦ ਤੋਂ ਜਲਦ ਲੋੜੀਂਦੇ ਪੰਪ/ਜੈਨਰੇਟਰ/ਮੋਟਰਾਂ/ਸਕਰੀਨ ਅਤੇ ਹੋਰ ਲੋੜੀਂਦਾ ਸਮਾਨ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਖੜ੍ਹੇ ਪਾਣੀ ਅਤੇ ਆਉਣ ਵਾਲੇ ਬਰਸਾਤੀ ਦਿਨਾਂ ਨੂੰ ਮੁੱਖ ਰਖਦੇ ਹੋਏ ਸ਼ਹਿਰ ਵਿੱਚੋਂ ਪਾਣੀ ਦੀ ਐਮਰਜੈਂਸੀ ਸਮੱਸਿਆ ਨੂੰ ਹੈਂਡਲ ਕਰਨ ਲਈ ਤਿੰਨ ਪੰਪ ਸੈਟ (12 ਹਾਰਸ ਪਾਵਰ) ਲੋੜੀਂਦੇ ਸਨ। ਇੰਨ੍ਹਾਂ 3 ਪੰਪ ਸੈਟਾਂ ਤੇ ਲਗਭਗ 4.50 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾਂ ਸੀ। ਸੋ ਐਮਰਜੈਂਸੀ ਹਾਲਾਤਾਂ ਨੂੰ ਮੁੱਖ ਰਖਦੇ ਹੋਏ ਕੁਟੇਸ਼ਨਾਂ ਲੈ ਕੇ ਇੰਨ੍ਹਾਂ 3 ਪੰਪ ਸੈਟਾਂ ਦੀ ਤੁਰੰਤ ਖਰੀਦ ਕਰਨ ਅਤੇ ਖਰਚੇ ਦੀ ਪ੍ਰਵਾਨਗੀ ਦੇਣ ਹਿੱਤ ਰਿਪੋਰਟ ਪੇਸ਼ ਕੀਤੀ ਗਈ ਸੀ ਕਿ ਬਰਸਾਤੀ ਮੌਸਮ ਕਰਕੇ 2 ਇੰਜਣ 12 ਐਚ.ਪੀ. ਖਰੀਦ ਕੀਤੇ ਜਾਣ। ਭੱਵਿਖ ਵਿੱਚ ਟੈਂਡਰ ਦੁਆਰਾ ਖਰੀਦ ਕੀਤੀ ਜਾਇਆ ਕਰੇਗੀ।

ਬਰਸਾਤੀ ਮੌਸਮ ਅਤੇ ਸ਼ਹਿਰ ਵਿੱਚ ਬਰਸਾਤਾਂ ਦੋਰਾਨ ਲੋਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਇਸ ਖਾਤਰ ਮਾਨਯੋਗ ਮੇਅਰ ਸਾਹਿਬ ਵੱਲੋਂ ਮਿਤੀ 23.07.2019 ਨੂੰ ਉਕਤ ਇੰਜਣ ਖਰੀਦ ਕਰਨ ਲਈ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਸੀ। ਇਸ ਮੱਦ ਨੂੰ ਮਤਾ ਨੰਬਰ 13 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਸ੍ਰ: ਹਰਜਿੰਦਰ ਸਿੰਘ ਸ਼ਿੰਦਾ, ਕੌਂਸਲਰ ਨੇ ਕਿਹਾ ਕਿ ਬਰਸਾਤਾਂ ਦੋਰਾਨ ਕਿਸੇ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਇੰਜਣ ਚਲਾ ਕੇ ਜਲਦ ਤੋਂ ਜਲਦ ਪਾਣੀ ਦੀ ਨਿਕਾਸੀ ਕੀਤੀ ਜਾ ਸਕੇ।**

**ਕਮਿਸ਼ਨਰ ਸਾਹਿਬ ਨੇ ਦਸਿਆ ਕਿ ਜੋ ਵੀ ਮਸ਼ੀਨਰੀ ਪਹਿਲਾਂ ਲਈ ਜਾ ਚੁੱਕੀ ਹੈ ਜਾਂ ਜੋ ਵੀ ਨਵੀਂ ਮਸ਼ੀਨਰੀ ਖਰੀਦ ਕੀਤੀ ਜਾਵੇਗੀ, ਉਸ ਸਬੰਧੀ ਸਬੰਧਤ ਅਧਿਕਾਰੀ/ ਕਰਮਚਾਰੀ ਇਹ ਯਕੀਨੀ ਬਣਾਏਗਾ ਕਿ ਇਹ ਸਰਵਿਸੇਬਲ ਹੈ ਅਤੇ ਚਾਲੂ ਹਾਲਤ ਵਿੱਚ ਹੈ।**

| | |
|---|---|
| **ਮਤਾ ਨੰਬਰ 41:** | **ਨੋਟ ਕੀਤਾ।** |

**<u>ਏਜੰਡਾ ਨੰਬਰ 5:</u>**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਅੰਦਰ ਬੇਸਹਾਰਾ ਪਸ਼ੂਆਂ ਦੀ ਗਿਣਤੀ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇੰਨ੍ਹਾਂ ਬੇਸਹਾਰਾ ਪਸ਼ੂਆਂ ਦੀ ਸਾਂਭ-ਸੰਭਾਲ ਕਰਨ ਲਈ ਨਿਗਮ ਵੱਲੋਂ ਗਊਸ਼ਾਲਾ ਡੇਰਾ ਰੂੰਮੀ, ਭੁੱਚੋ ਕਲਾਂ ਨਾਲ MOU ਕਰਕੇ ਪਾਊਂਡ ਸਥਾਪਿਤ ਕੀਤਾ ਗਿਆ ਹੈ। ਇਸ ਕੈਟਲ ਪਾਊਂਡ ਵਿੱਚ ਸ਼ਹਿਰ ਵਿੱਚੋਂ 500 ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਛੱਡਿਆ ਗਿਆ ਹੈ। ਇੰਨ੍ਹਾਂ ਪਸ਼ੂਆਂ ਦੀ ਖੁਰਾਕ ਦੇ ਖਰਚੇ ਵੱਜੋਂ 18/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਡਾਇਟ ਮਨੀ ਦਿੱਤੀ ਜਾ ਰਹੀ ਹੈ। ਇਸ ਡਾਇਟ ਮਨੀ ਵਿੱਚ ਹਰ ਦੋ ਸਾਲ ਬਾਅਦ 1/- ਰੁਪਏ ਦਾ ਵਾਧਾ ਕੀਤਾ ਜਾਂਦਾ ਹੈ।

ਗਊਸ਼ਾਲਾ ਡੇਰਾ ਰੂੰਮੀ ਭੁੱਚੋਂ ਕਲਾਂ ਵੱਲੋਂ ਦਰਖਾਸਤ ਨੰਬਰ 1105 ਮਿਤੀ 20.02.2019 ਰਾਹੀਂ ਲਿਖਤੀ ਸਹਿਮਤੀ ਦਿੱਤੀ ਹੈ ਕਿ ਉਹ ਗਊਸ਼ਾਲਾ ਵਿਖੇ ਹੋਰ 500 ਬੇਸਹਾਰਾ ਪਸ਼ੂਆਂ ਨੂੰ ਸੰਭਾਲ ਸਕਦੇ ਹਨ। ਗਊਸ਼ਾਲਾ ਨੂੰ ਪਹਿਲੇ ਦਿੱਤੇ ਜਾ ਰਹੇ ਖਰਚੇ ਅਨੁਸਾਰ 18/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਇਕਰਾਰਨਾਮਾ ਕਰਨ ਲਈ 500 ਪਸ਼ੂਆਂ ਦੀ ਡਾਇਟ ਮਨੀ ਤੇ ਆਉਣ ਵਾਲੇ ਆਵ੍ਰਿਤੀ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ। ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "The expenses on Diet money for one year shall be 500x18x365 = Rs. 32,85,000/-. ਇਸ ਮੱਦ ਨੂੰ ਮਤਾ ਨੰਬਰ 14 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਕੇਸ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਵੱਖ-ਵੱਖ ਗਊਸ਼ਾਲਾਵਾਂ ਵਿੱਚ ਰੱਖੇ ਸਿਰਫ ਉਹਨਾਂ ਬੇਸਹਾਰਾ ਪਸ਼ੂਆਂ ਲਈ ਹੀ ਡਾਇਟ ਮਨੀ ਦਿੱਤੀ ਜਾਵੇ, ਜਿੰਨ੍ਹਾਂ ਤੇ ਨਗਰ ਨਿਗਮ ਦਾ ਟੈਗ ਲਗਿਆ ਹੋਵੇ।**

**ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਵੱਖ-ਵੱਖ ਗਊਸ਼ਾਲਾਵਾਂ ਵਿੱਚ ਰੱਖੇ ਬੇਸਹਾਰਾ ਪਸ਼ੂਆਂ ਦੀ ਗਿਣਤੀ ਹਰ ਮਹੀਨੇ ਰੈਗੂਲਰ ਚੈਕ ਕੀਤੀ ਜਾਵੇ।**

**ਕਮਿਸ਼ਨਰ ਸਾਹਿਬ ਨੇ ਦਸਿਆ ਕਿ ਪਿਛਲੇ ਚਾਰ ਮਹੀਨਿਆਂ ਤੋਂ ਵੱਖ-ਵੱਖ ਗਊਸ਼ਾਲਾਵਾਂ ਵਿੱਚ ਨਗਰ ਨਿਗਮ ਵੱਲੋਂ ਟੈਗ ਲਗਾਏ ਗਏ ਬੇਸਹਾਰਾ ਪਸ਼ੂਆਂ ਲਈ ਹੀ ਡਾਇਟ ਮਨੀ ਦਿੱਤੀ ਜਾ ਰਹੀ ਹੈ। ਉਹਨਾਂ ਇਹ ਵੀ ਦਸਿਆ ਕਿ ਗਊਸ਼ਾਲਾ ਹਰਰਾਏਪੁਰ ਨੂੰ ਵੀ ਸਿਰਫ ਨਗਰ ਨਿਗਮ ਵੱਲੋਂ ਟੈਗ ਲਗਾਏ ਗਏ ਬੇਸਹਾਰਾ ਪਸ਼ੂਆਂ ਲਈ ਹੀ ਡਾਇਟ ਮਨੀ ਦਿੱਤੀ ਜਾ ਰਹੀ ਹੈ।**

| | |
|---|---|
| **ਮਤਾ ਨੰਬਰ 42 :** | **ਪ੍ਰਵਾਨ ਹੈ।** |

**<u>ਏਜੰਡਾ ਨੰਬਰ 6 :</u>**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚ ਦਿਨ ਬ ਦਿਨ ਬੇਸਹਾਰਾ ਪਸ਼ੂਆਂ ਦੀ ਗਿਣਤੀ ਬਹੁਤ ਜਿਆਦਾ ਵੱਧ ਰਹੀ ਹੈ। ਇਸ ਨਾਲ ਆਏ ਇਨ ਸ਼ਹਿਰ ਵਿੱਚ ਐਕਸੀਡੈਂਟ ਵੀ ਹੋ ਰਹੇ ਹਨ। ਇਸ ਸਬੰਧੀ ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਜੀ ਵੱਲੋਂ ਵਾਰ-ਵਾਰ ਜੁਬਾਨੀ ਤੋਰ ਤੇ ਹਦਾਇਤ ਕੀਤੀ ਗਈ ਕਿ ਕਿਸੇ ਵੀ ਗਊਸ਼ਾਲਾ ਦੇ ਪ੍ਰਬੰਧਕਾਂ ਨਾਲ ਤਾਲਮੇਲ ਕਰਕੇ ਇੰਨ੍ਹਾਂ ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਛੱਡਿਆ ਜਾਵੇ। ਇਸ ਸਬੰਧੀ ਸ਼੍ਰੀ ਰੂੰਮੀ ਸਾਹਿਬ ਗਊਸ਼ਾਲਾ, ਭੁੱਚੋ ਕਲਾਂ ਨਾਲ ਤਾਲਮੇਲ ਕਰਨ ਤੇ ਉਹਨਾਂ ਵੱਲੋਂ ਮਿਤੀ 18.03.2019 ਨੂੰ ਲਿਖਿਆ ਗਿਆ ਕਿ ਉਹ ਪੁਰਾਣੇ ਰੇਟਾਂ ਤੇ 1200 ਪਸ਼ੂ ਰੱਖਣ ਲਈ ਤਿਆਰ ਹਨ। ਪਰੰਤੂ ਚੋਣ ਜਾਬਤਾ ਲਾਗੂ ਹੋਣ ਕਾਰਨ ਇਸ ਸਬੰਧੀ ਕਾਰਵਾਈ ਨਾ ਹੋ ਸਕੀ। ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਨਾਲ ਹੋ ਰਹੇ ਐਕਸੀਡੈਂਟਾਂ ਨੂੰ ਦੇਖਦੇ ਹੋਏ ਸ਼ਹਿਰ ਵਿੱਚੋਂ ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਸ਼੍ਰੀ ਰੂੰਮੀ ਸਾਹਿਬ ਗਊਸ਼ਾਲਾ ਵਿਖੇ ਛੱਡਣਾ ਸ਼ੁਰੂ ਕਰ ਦਿੱਤਾ ਗਿਆ ਸੀ। ਇਸ ਸਮੇਂ ਇਸ ਗਊਸ਼ਾਲਾ ਵਿੱਚ ਤਕਰੀਬਨ 298 ਪਸ਼ੂ ਫੜ੍ਹ ਕੇ ਛੱਡੇ ਜਾ ਚੁੱਕੇ ਹਨ। ਇਸ ਮੱਦ ਨੂੰ ਮਤਾ ਨੰਬਰ 15 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਇੰਨ੍ਹਾਂ ਪਸ਼ੂਆਂ ਦੀ ਬਣਦੀ ਡਾਇਟ ਮਨੀ ਦੇਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 43 :** | **ਪ੍ਰਵਾਨ ਹੈ।** |

**<u>ਏਜੰਡਾ ਨੰ: 7:</u>**

ਰਿਪੋਰਟ ਬਿਲਡਿੰਗ ਸ਼ਾਖਾ ਕਿ ਆਮ ਉਸਾਰੀ ਕਰਨ ਸਮੇਂ 1200/- ਰੁਪਏ ਤੋਂ ਲੈ ਕੇ 1500/- ਰੁਪਏ ਤੱਕ ਪ੍ਰਤੀ ਵਰਗ ਫੁੱਟ ਖਰਚਾ ਆਉਂਦਾ ਹੈ। ਪਰੰਤੀ ਨਿਗਮ ਦਫਤਰ ਵਿਖੇ ਨਕਸ਼ਿਆਂ ਦੀਆਂ ਫੀਸਾਂ ਗਰਾਊਂਡ ਫਲੋਰ 500/- ਰੁਪਏ ਅਤੇ ਫਸਟ ਫਲੋਰ 400/- ਰੁਪਏ ਪ੍ਰਤੀ ਵ: ਫੁੱਟ ਦੇ ਐਸਟੀਮੇਟ ਤੇ ਵਸੂਲ ਕੀਤੀ ਜਾਂਦੀਆਂ ਹਨ। ਜਦੋਂ ਕਿ ਬਾਕੀ ਅਦਾਰੇ ਜਿਵੇਂ ਕਿ ਪੁੱਡਾ/ਬੀ.ਡੀ.ਏ., ਇੰਪਰੂਵਮੈਂਟ ਟਰੱਸਟ ਦਾ ਇਹ ਰੇਟ 900/- ਰੁਪਏ ਪ੍ਰਤੀ ਵਰਗ ਫੁੱਟ ਹੈ। ਬਿਲਡਿੰਗ ਐਂਡ ਅੱਦਰ ਕੰਸਟਰਕਸ਼ਨ ਵਰਕਸ ਵੈਲਫੇਅਰ ਸੈਸ ਐਕਟ 1996 ਅਨੁਸਾਰ ਨਕਸ਼ਾ ਪਾਸ ਕਰਨ ਸਮੇਂ ਉਸਾਰੀ ਦੇ ਖਰਚੇ ਦਾ ਐਸਟੀਮੇਟ 900/- ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ 1% ਲੇਬਰ ਸੈਸ ਵਸੂਲਣ ਯੋਗ ਬਣਦਾ ਹੈ, ਪਰੰਤੂ ਨਿਗਮ ਦਫਤਰ ਵੱਲੋਂ ਇਹ ਲੇਬਰ ਸੈਸ 500/- ਰੁਪਏ ਪ੍ਰਤੀ ਵਰਗ ਫੁੱਟ ਗਰਾਊਂਡ ਫਲੋਰ, 400/- ਰੁਪਏ ਪ੍ਰਤੀ ਵਰਗ ਫੁੱਟ ਫਸਟ ਫਲੋਰ ਦੇ ਹਿਸਾਬ ਨਾਲ ਵਸੂਲ ਕੀਤਾ ਜਾਂਦਾ ਹੈ। **ਬਿਲਡਿੰਗ ਦੇ ਨਕਸ਼ਿਆਂ ਦੀ ਕੰਸਟਰਕਸ਼ਨ ਕਾਸਟ ਦਾ ਰੇਟ ਰਿਵਾਇਜ਼ ਕਰਨ ਲਈ ਨਿਗਮ ਹਾਊਸ ਦੀ ਮੀਟਿੰਗ ਵਿੱਚ ਮਿਤੀ 21.08.2015 ਨੂੰ ਏਜੰਡਾ ਰੱਖਿਆ ਗਿਆ ਸੀ। ਪਰੰਤੂ ਇਸ ਏਜੰਡੇ ਨੂੰ ਮਤਾ ਨੰਬਰ 37 ਰਾਹੀਂ ਪੈਡਿੰਗ ਰੱਖ ਲਿਆ ਸੀ। ਇਸ ਉਪਰੰਤ ਇਹ ਏਜੰਡਾ ਦੁਬਾਰਾ ਨਿਗਮ ਹਾਊਸ ਦੀ ਮੀਟਿੰਗ ਵਿਚ ਮਿਤੀ 06.09.2017 ਵਿੱਚ ਰੱਖਿਆ ਗਿਆ ਅਤੇ ਮਤਾ ਨੰਬਰ 37 ਰਾਹੀਂ ਇਸਨੂੰ ਫਿਰ ਪੈਡਿੰਗ ਰੱਖ ਲਿਆ ਗਿਆ।**

ਲੋਕਲ ਆਡਿਟ ਵਿਭਾਗ ਵੱਲੋਂ ਰਿਕੂਜੀਸ਼ਨ ਰਾਹੀਨ ਅਤੇ ਅਕਾਊਂਟੈਂਟ ਜਨਰਲ (ਏ.ਜੀ.) ਚੰਡੀਗੜ੍ਹ ਵੱਲੋਂ ਸਾਲ 2017-18 ਦਾ ਨਿਗਮ ਦਫਤਰ ਵਿਖੇ ਆਡਿਟ ਕਰਦੇ ਸਮੇਂ ਗੰਭੀਰਤਾ ਨਾਲ ਇਤਰਾਜ਼ ਕੀਤਾ ਗਿਆ ਕਿ ਇਹ ਰੈਵਨਿਊ ਨਾਲ ਸਬੰਧਤ ਮਸਲਾ ਹੈ। ਇਸ ਲਈ ਸਰਕਾਰ ਦੇ ਉਕਤ ਪੱਤਰ/ ਹਦਾਇਤਾਂ ਅਨੁਸਾਰ ਉਸਾਰੀ ਦੇ ਖਰਚੇ ਦਾ ਐਸਟੀਮੇਟ ਰੇਟ 900/- ਰੁਪਏ ਪ੍ਰਤੀ ਵਰਗ ਫੁੱਟ ਦੀ ਦਰ ਨਾਲ ਨਿਸ਼ਚਿਤ ਕੀਤਾ ਜਾਵੇ ਤਾਂ ਜੋ ਸਹੀ ਲੇਬਰ ਸੈਸ ਸਰਕਾਰ ਨੂੰ ਭੇਜਿਆ ਜਾ ਸਕੇ। ਨਿਗਮ ਹਾਊਸ ਵੱਲੋਂ ਮੀਟਿੰਗ ਮਿਤੀ 25.09.2018 ਵਿੱਚ ਮਤਾ ਨੰਬਰ 47 ਰਾਹੀਂ ਪਾਸ ਕੀਤਾ ਗਿਆ ਕਿ **ਗਰਾਊਂਡ ਫਲੋਰ ਤੇ 600/- ਰੁਪਏ ਅਤੇ ਫਸਟ ਫਲੋਰ ਤੇ 500/- ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਉਸਾਰੀ ਦੇ ਖਰਚੇ ਦਾ ਐਸਟਮਿਟ ਨਿਸ਼ਚਿਤ ਕੀਤਾ ਜਾਂਦਾ ਹੈ। ਬਿਲਡਿੰਗ ਐਂਡ ਅਦੱਰ ਕੰਸਟਰਕਸ਼ਨ ਵਰਕਸ ਵੈਲਫੇਅਰ ਸੈਸ ਐਕਟ 1996 ਅਧੀਨ ਲੇਬਰ ਸੈਸ ਲੈਣ ਖਾਤਰ ਉਸਾਰੀ ਦੇ ਐਸਟੀਮੇਟ ਦਾ ਰੇਟ 900/- ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਮੰਨ ਕੇ ਲੇਬਰ ਸੈਸ ਵਸੂਲ ਕੀਤਾ ਜਾਵੇ।**

ਇਹ ਮਤਾ ਸਥਾਨਕ ਸਰਕਾਰ ਵਿਭਾਗ ਪੰਜਾਬ ਸਰਕਾਰ ਕੋਲ ਪਾਸ ਕਰਨ ਲਈ ਭੇਜਿਆ ਗਿਆ ਸੀ। ਸਰਕਾਰ ਵੱਲੋਂ ਪੱਤਰ ਨੰਬਰ ਸ5-ਡਸਸ-ਮਸਸ-19/33710 ਮਿਤੀ 23.07.2019 ਰਾਹੀਂ ਇਸ ਮਤੇ ਨੂੰ ਮੁੜ ਵਿਚਾਰਨ ਲਈ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ ਕਿ **"ਮਤੇ ਤੋਂ ਇਹ ਸਪਸਟ ਨਹੀਂ ਹੁੰਦਾ ਕਿ ਬਿਲਡਿੰਗ ਦੇ ਖਰਚੇ ਦਾ ਤਖਮੀਨਾ ਨਿਸ਼ਚਿਤ ਕਰਨ ਲਈ ਗਰਾਊਂਡ ਫਲੋਰ ਤੇ 600/- ਰੁਪਏ ਅਤੇ ਪਹਿਲੀ ਮੰਜ਼ਿਲ ਤੇ 500/- ਰੁਪਏ ਦੀ ਕੀ functionality/purpose ਹੈ ਅਤੇ ਲੇਬਰ ਸੈਸ ਦੀ ਅਸੈਸਮੈਂਟ ਲਈ ਜੋ 900/- ਰੁਪਏ ਪ੍ਰਤੀ ਫੁੱਟ ਦਾ ਰੇਟ ਪ੍ਰਵਾਨ ਕੀਤਾ ਗਿਆ, ਦੀ ਕਿਸੇ ਹੋਰ ਮੰਤਵ ਲਈ ਵੀ ਇੱਕ ਹੀ ਦਰ ਹੋਣੀ ਚਾਹੀਦੀ ਹੈ।"**

ਸਰਕਾਰ ਦੇ ਉਕਤ ਫੈਸਲੇ ਅਨੁਸਾਰ ਨਕਸ਼ਿਆਂ ਦੀਆਂ ਫੀਸਾਂ/ ਚਾਰਜਿਜ਼ ਵਸੂਲਣ ਲਈ ਅਤੇ ਲੇਬਰ ਸੈਸ ਦੀ ਅਸੈਸਮੈਂਟ ਕਰਨ ਲਈ ਉਸਾਰੀ ਦੀ ਕੰਸਟਰਕਸ਼ਨ ਕਾਸਟ ਦੀ ਇੱਕੋ ਹੀ ਦਰ ਹੋਣੀ ਚਾਹੀਦੀ ਹੈ। ਸੋ ਉਸਾਰੀ ਦੇ ਖਰਚੇ ਦਾ ਐਸਟੀਮੇਟ 900/- ਰੁਪਏ ਪ੍ਰਤੀ ਵਰਗ ਫੁੱਟ ਨਿਸ਼ਚਿਤ ਕਰਨ ਸਬੰਧੀ ਰਿਪੋਰਟ ਕੀਤੀ ਗਈ ਹੈ।

ਉਕਤ ਸਬੰਧੀ ਬਿਲਡਿੰਗ ਸੁਪਰਡੈਂਟ ਨੇ ਰਿਪੋਰਟ ਕੀਤੀ ਹੈ ਕਿ ਪੁੱਡਾ/ਬੀ.ਡੀ.ਏ. ਪਾਸੋਂ ਪਾਸ ਕੀਤਾ ਗਿਆ ਕਿ ਕਿਰਤ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ਬੀਓਸੀਡਬਲਿਊ/ਸੈਸ/2013/ਫ-1/22831-75 ਮਿਤੀ 22.11.2013 ਅਨੁਸਾਰ ਨਕਸ਼ੇ ਪਾਸ ਕਰਨ ਸਮੇਂ ਲੇਬਰ ਸੈਸ 900/- ਰੁਪਏ ਪ੍ਰਤੀ ਵਰਗ ਫੁੱਟ ਉਸਾਰੇ ਖਰਚੇ ਦੇ ਹਿਸਾਬ ਨਾਲ 1% ਸੈਸ ਭਾਵ 9/- ਰੁਪਏ ਪ੍ਰਤੀ ਵਰਗ ਫੁੱਟ ਵਸੂਲਿਆ ਜਾਵੇ। ਜੇਕਰ ਉਕਤ ਰੇਟ ਤੇ ਸੈਸ ਘੱਟ ਵਸੂਲ ਕੀਤਾ ਜਾਂਦਾ ਹੈ ਤਾਂ ਇਸਦੀ ਜਿੰਮੇਵਾਰੀ ਨਿਗਮ ਦਫਤਰ ਦੀ ਹੋਵੇਗੀ। ਇਸਤੋਂ ਇਲਾਵਾ ਸਰਕਾਰ ਵੱਲੋਂ ਉਸਾਰੀ ਦੇ ਖਰਚੇ ਦਾ ਐਸਟੀਮੇਟ ਰੇਟ 900/- ਰੁਪਏ ਪ੍ਰਤੀ ਵਰਗ ਫੁੱਟ ਕਰਨ ਲਈ ਲਿਖਿਆ ਹੈ।ਇਸ ਮੱਦ ਨੂੰ ਮਤਾ ਨੰਬਰ 17 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਸੋ ਨਕਸ਼ਿਆਂ ਦੀਆਂ ਫੀਸਾਂ ਅਤੇ ਲੇਬਰ ਸੈਸ ਲਈ ਉਸਾਰੀ ਦੇ ਖਰਚੇ ਦਾ ਐਸਟੀਮੇਟ ਰੇਟ 900/- ਰੁਪਏ ਪ੍ਰਤੀ ਵਰਗ ਫੁੱਟ ਨਿਸ਼ਚਿਤ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 44 :** | **ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰ: 8:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਮੰਡਲ ਨੰ: 1 ਵੱਲੋਂ ਆਪਣੇ ਪੱਤਰ ਨੰਬਰ 1742 ਮਿਤੀ 02.05.2019 ਰਾਹੀਂ ਤਖਮੀਨਾ ਬਾਬਤ ਸਲਾਨਾ ਦੇਖਭਾਲ ਵਾਟਰ ਸਪਲਾਈ ਅਤੇ ਸੀਵਰੇਜ਼ ਸਕੀਮ ਬਠਿੰਡਾ ਬਾਬਤ ਸਾਲ 2019-20 (01.04.2019 ਤੋਂ 31.03.2020 ਤੱਕ) ਮੁਬਲਿਗ 736.35 ਲੱਖ ਰੁਪਏ ਦਾ ਭੇਜ ਕੇ ਫੰਡਜ਼ ਦੀ ਮੰਗ ਕੀਤੀ ਹੈ। ਕੋਈ ਵੀ ਅਦਾਇਗੀ ਨਗਰ ਨਿਗਮ ਹਾਊਸ ਦੀ ਮੰਨਜ਼ੂਰੀ ਤੋਂ ਬਗੈਰ ਨਹੀਂ ਕੀਤੀ ਜਾ ਸਕਦੀ।ਇਸ ਮੱਦ ਨੂੰ ਮਤਾ ਨੰਬਰ 18 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਇਸ ਲਈ ਤਖਮੀਨਾ ਹਾਊਸ ਦੀ ਪ੍ਰਵਾਨਗੀ ਲਈ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 45 :** | **ਪ੍ਰਵਾਨ ਹੈ।** |

**ਏਜੰਡਾ ਨੰ: 9:**

ਰਿਪੋਰਟ ਸਟੋਰਕੀਪਰ ਕਿ ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਵਿੱਚ ਗਰਮੀਆਂ/ ਬਰਸਾਤਾਂ ਦੇ ਮੌਸਮ ਦੋਰਾਨ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਦੀ ਰੋਕਥਾਮ ਲਈ ਮੱਛਰ, ਮੱਖੀ ਅਤੇ ਕੀਟ ਆਦਿ ਤੋਂ ਬਚਾਓ ਲਈ 1 ਤੋਂ 50 ਵਾਰਡਾਂ ਵਿੱਚ ਫੌਗਿੰਗ ਸਪਰੇਅ ਕਰਵਾਈ ਜਾਂਦੀ ਹੈ। ਫੌਗਿੰਗ ਮਸ਼ੀਨ ਹਰ ਰੋਜ਼ ਚਲਾਉਣ ਤੇ ਤਕਰੀਬਨ 30 ਲੀਟਰ ਦਵਾਈ ਖਪਤ ਹੁੰਦੀ ਹੈ। ਇਸ ਤਰ੍ਹਾਂ ਮਹੀਨੇ ਦੀ 900 ਲੀਟਰ ਦਵਾਈ ਦੀ ਖਪਤ ਹੈ। ਸਾਲ 2019-20 ਦੇ ਗਰਮੀਆਂ/ ਬਰਸਾਤਾਂ ਦੇ ਮੌਸਮ ਦੋਰਾਨ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਦੀ ਰੋਕਥਾਮ ਲਈ ਤਕਰੀਬਨ 30 ਡਰੱਮ ਮੈਲਾਥੀਨ ਟੈਕਨੀਕਲ 95% ਦੀ ਜਰੂਰਤ ਹੋਵੇਗੀ। ਇਸ ਦਵਾਈ ਦੀ ਜੈਮ ਪੋਰਟਲ ਤੇ ਕੀਮਤ 380/- ਰੁਪਏ ਪ੍ਰਤੀ ਲੀਟਰ ਸਮੇਤ ਜੀ.ਐਸ.ਟੀ. ਹੈ। ਇਕ ਡਰੱਮ 250 ਕਿਲੋਗ੍ਰਾਮ ਦੀ ਪੈਕਿੰਗ ਵਿੱਚ ਆਉਂਦਾ ਹੈ। ਇਹ 30 ਡਰੱਮ ਖਰੀਦ ਕਰਨ ਤੇ ਲਗਭਗ 28,50,000/- ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਇਹ ਮੈਲਾਥੀਨ ਟੈਕਨੀਕਲ 95% ਦੇ 30 ਡਰੱਮ ਜੈਮ ਪੋਰਟਲ ਤੋਂ ਟੈਂਡਰ ਕਾਲ ਕਰਕੇ ਖਰੀਦ ਕੀਤੇ ਜਾਣਗੇ। ਇਸ ਮੱਦ ਨੂੰ ਮਤਾ ਨੰਬਰ 19 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਫਾਈਲ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਦਸਿਆ ਕਿ ਸ਼ਹਿਰ ਵਿੱਚ ਸਹੀ ਢੰਗ ਨਾਲ ਫੋਗਿੰਗ ਨਹੀਂ ਕੀਤੀ ਜਾਂਦੀ। ਉਹਨਾਂ ਇਹ ਵੀ ਕਿਹਾ ਕਿ ਫੋਗਿੰਗ ਲਈ ਵਰਤੀ ਜਾਣ ਵਾਲੀ ਦਵਾਈ ਦੀ ਕਵਾਲਟੀ ਵੀ ਡਾਊਨ ਹੁੰਦੀ ਹੈ।**

**ਸ੍ਰ: ਜਸਵੀਰ ਸਿੰਘ ਜੱਸਾ,ਕੌਂਸਲਰ ਨੇ ਕਿਹਾ ਕਿ ਫੋਗਿੰਗ ਸਮੇਂ ਵਰਤੀ ਜਾਣ ਵਾਲੀ ਦਵਾਈ ਕਿਸੇ ਚੁਣੇ ਹੋਏ ਨੁਮਾਇੰਦੇ ਦੀ ਹਾਜ਼ਰੀ ਵਿੱਚ ਪਵਾਈ ਜਾਵੇ।**

**ਕਮਿਸ਼ਨਰ ਸਾਹਿਬ ਨੇ ਦਸਿਆ ਕਿ ਸ਼ਹਿਰ ਵਿੱਚ ਫੋਗਿੰਗ ਕਰਵਾਉਣ ਸਮੇਂ ਸਿਵਲ ਹਸਪਤਾਲ ਦੇ ਡਾਕਟਰ ਨੂੰ ਸਪੁਰਦਗੀ ਦਿੱਤੀ ਜਾਂਦੀ ਹੈ ਅਤੇ ਫੋਗਿੰਗ ਲਈ ਵਰਤੀ ਜਾਣ ਵਾਲੀ ਦਵਾਈ ਉਹਨਾਂ ਦੀ ਹਾਜ਼ਰੀ ਵਿੱਚ ਹੀ ਪਵਾਈ ਜਾਂਦੀ ਹੈ। ਉਹਨਾਂ ਯਕੀਨ ਦਿਵਾਇਆ ਕਿ ਅਗਲੇ ਸੀਜ਼ਨ ਵਿੱਚ ਡਾਕਟਰ ਸਾਹਿਬਾਨ ਦੀ ਡਿਊਟੀ ਲਗਾਈ ਜਾਵੇਗੀ ਅਤੇ ਦਵਾਈ ਦਾ ਸੈਂਪਲ ਕਿਸੇ ਚੁਣੇ ਹੋਏ ਨੁਮਾਇੰਦੇ ਨੂੰ ਚੈਕ ਕਰਵਾ ਦਿੱਤਾ ਜਾਵੇਗਾ।**

| | |
|---|---|
| **ਮਤਾ ਨੰਬਰ 46 :** | **ਪ੍ਰਵਾਨ ਹੈ।** |

**ਏਜੰਡਾ ਨੰਬਰ: 10:**

ਰਿਪੋਰਟ ਵਰਕਸ ਸ਼ਾਖਾ ਕਿ Waqf land measuring 77K-11M comprises in Khasra Nos. 43//1(7K-11M), 44//5(4-0), 6-Min (4-0), 43//20(8-0), 44//25(7-04), 47//1(1-16), 2(4-13), 44//3(8-0), 4(8-0), 8(8-0), 7(8-0) situated at Khanah Tehsil Haji Rattan Distt. Bathinda ਅਧੀਨ ਜਗ੍ਹਾ ਦੀ ਲੀਜ਼ ਨਗਰ ਨਿਗਮ ਦੇ ਨਾਮ ਅੱਗੇ ਵਧਾਉਣ ਲਈ ਇਸ ਦਫਤਰ ਵੱਲੋਂ ਪੱਤਰ ਨੰ: 3038/ਵ ਮਿਤੀ 26.11.2018 ਲਿਖਿਆ ਗਿਆ ਸੀ। ਜਿਸਦੇ ਜਵਾਬ ਵਿੱਚ ਵਕਫ ਬੋਰਡ ਵਿਭਾਗ ਵੱਲੋਂ ਪੱਤਰ ਨੰ: 3122 ਮਿਤੀ 30.11.2018 ਰਾਹੀਂ ਅਮੈਂਡੇਡ ਐਕਟ 2013 ਅਨੁਸਾਰ ਲੀਜ਼ ਰਿਨਿਊ ਕਰਨ ਲਈ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਸੀ, ਜੋ ਕਿ ਨਗਰ ਨਿਗਮ ਵੱਲੋਂ ਪੱਤਰ ਨੰ: 629/ਵ ਮਿਤੀ 19.12.2018 ਰਾਹੀਂ ਜਮ੍ਹਾਂ ਕਰਵਾ ਦਿੱਤੇ ਗਏ ਸਨ।

ਵਕਫ ਬੋਰਡ ਵਿਭਾਗ ਦੀ ਮੰਗ ਅਨੁਸਾਰ ਸਾਲ 2013-14 ਤੋ ਸਾਲ 2017-18 ਤੱਕ 5 ਸਾਲ ਦਾ ਪਿਛਲਾ ਬਕਾਇਆ 1,12,000/- ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ 5,60,000/- ਰੁਪਏ ਅਤੇ ਸਾਲ 2018-19 ਤੋਂ ਸਾਲ 2020-21 ਦੀ ਲੀਜ਼ ਮਨੀ ਸਮੇਤ ਸਕਿਊਰਟੀ ਅਤੇ ਐਪਲੀਕੇਸ਼ਨ ਫੀਸ 647951/- ਰੁਪਏ ਕੁੱਲ (560000+647951) 12,07,951/- ਰੁਪਏ ਜਮ੍ਹਾਂ ਕਰਵਾਏ ਜਾਣੇ ਹਨ। ਇਹ ਬਣਦੀ ਲੀਜ਼ ਮਨੀ ਵਕਫ ਬੋਰਡ ਵਿਭਾਗ ਨੂੰ ਜਮ੍ਹਾਂ ਕਰਵਾਉਣ ਲਈ ਕੇਸ ਹਾਊਸ ਦੀ ਪ੍ਰਵਾਨਗੀ ਲਈ ਮਤਾ ਨੰਬਰ 112 ਮਿਤੀ 08.02.2019 ਰਾਹੀਂ ਭੇਜਿਆ ਗਿਆ ਸੀ, ਪਰੰਤੂ ਹਾਊਸ ਵੱਲੋਂ ਇਸ ਮਤੇ ਨੂੰ ਪੈਡਿੰਗ ਰੱਖਿਆ ਹੈ। ਇਸ ਮਤੇ ਸਬੰਧੀ " ਸ਼੍ਰੀ ਜਗਰੂਪ ਸਿੰਘ ਗਿੱਲ ਅਤੇ ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਸਾਹਿਬਾਨ ਨੇ ਕਿਹਾ ਕਿ ਨਗਰ ਨਿਗਮ ਪਾਸ ਵਕਫ ਬੋਰਡ ਦੀ ਤਕਰੀਬਨ 13 ਏਕੜ੍ਹ ਜਗ੍ਹਾ ਸੀ। ਉਨ੍ਹਾਂ ਮੰਗ ਕੀਤੀ ਕਿ ਪੂਰੀ ਜਗ੍ਹਾ ਦੀ ਲੀਜ਼ ਮਨੀ ਹੀ ਭਰੀ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਆਪਣੀਆਂ ਪ੍ਰਾਪਰਟੀਆਂ ਦੇ ਰਿਕਾਰਡ ਨੂੰ ਡੀਜ਼ੀਟਲਾਇਜ਼ਡ ਕੀਤਾ ਜਾ ਰਿਹਾ ਹੈ। ਜਲਦ ਹੀ ਇਸ ਸਬੰਧੀ ਜਾਣਕਾਰੀ ਮੁੱਹਈਆ ਕਰਵਾਈ ਜਾਵੇਗੀ।"

ਉਕਤ ਦੇ ਸਬੰਧ ਵਿੱਚ ਬੇਨਤੀ ਹੈ ਕਿ ਫਾਇਲ ਵਿੱਚ ਮੋਜੂਦ ਰਿਕਾਰਡ ਅਨੁਸਾਰ ਨਗਰ ਨਿਗਮ ਵੱਲੋਂ ਸ਼ੁਰੂ ਵਿੱਚ ਪੱਤਰ ਨੰ: 2134/ਵ ਮਿਤੀ 12.05.2011 ਰਾਹੀਂ ਮੁੱਖ ਕਾਰਜਕਾਰੀ ਅਫਸਰ, ਪੰਜਾਬ ਵਕਫ ਬੋਰਡ, ਚੰਡੀਗੜ੍ਹ ਜੀ ਨੂੰ ਸੰਜੇ ਟੋਭੇ ਦੀ ਜਗ੍ਹਾ ਲੀਜ਼ ਤੇ ਲੈਣ ਸਬੰਧੀ ਪੱਤਰ ਲਿਖਿਆ ਗਿਆ ਸੀ। ਸਾਲ 2009-10 ਦੀ ਜਮਾਂਬੰਦੀ ਅਤੇ ਅਕਸ਼ ਨਕਸ਼ੇ ਅਨੁਸਾਰ ਵੀ ਉਸ ਸਮੇਂ ਵੀ ਇਸ ਜਗ੍ਹਾ ਦਾ ਰਕਬਾ 77 ਕਨਾਲ 11 ਮਰਲੇ ਸੀ ਅਤੇ ਇਸ ਰਕਬੇ ਅਨੁਸਾਰ ਹੀ ਵਕਫ ਬੋਰਡ ਵਿਭਾਗ ਵੱਲੋਂ ਨਗਰ ਨਿਗਮ ਨੂੰ 892000/- ਰੁਪਏ ਲੀਜ਼ ਮਨੀ ਜਮ੍ਹਾਂ ਕਰਵਾਉਣ ਲਈ ਪੱਤਰ ਨੰ: 333 ਮਿਤੀ 21.11.2011 ਲਿਖਿਆ ਗਿਆ ਸੀ ਅਤੇ ਇਸ ਦੇ ਸਬੰਧ ਵਿੱਚ ਨਗਰ ਨਿਗਮ ਵੱਲੋਂ ਚੈਕ ਨੰ: 028296 ਮਿਤੀ 25.11.2011 ਮੁਬਲਿਗ 892000/- ਰੁਪਏ ਪੱਤਰ ਨੰ: 5272/ਵ ਮਿਤੀ 29.11.2011 ਰਾਹੀਂ ਜਮ੍ਹਾਂ ਕਰਵਾਈ ਗਈ ਸੀ। ਇਸ ਮੱਦ ਨੂੰ ਮਤਾ ਨੰਬਰ 20 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੱੜ੍ਹ ਤੋਂ ਉਕਤ ਅਨੁਸਾਰ ਕੇਸ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ।

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਮੈਨੂੰ ਸ਼ੱਕ ਹੈ ਕਿ ਲੀਜ਼ ਤੇ ਦਿੱਤੀ ਜਾਣ ਵਾਲੀ ਜਗ੍ਹਾ ਪਹਿਲਾਂ ਬਹੁਤ ਜਿਆਦਾ ਸੀ। ਉਹਨਾਂ ਕਿਹਾ ਕਿ ਇਸ ਮੱਦ ਅਨੁਸਾਰ ਇਹ ਜਗ੍ਹਾ ਮਿਤੀ 12.05.2011 ਨੂੰ ਲੀਜ਼ ਤੇ ਲਈ ਜਾਪਦੀ ਹੈ, ਜਦਕਿ ਇਸ ਟੋਭੇ ਦਾ ਵਜ਼ੂਦ ਪਹਿਲਾਂ ਵੀ ਹੋਂਦ ਵਿੱਚ ਸੀ। ਇਸਨੂੰ ਨਗਰ ਨਿਗਮ ਵੱਲੋਂ ਪਹਿਲਾਂ ਵੀ ਪਾਣੀ ਇੱਕਠਾ ਕਰਨ ਖਾਤਰ ਵਰਤਿਆ ਜਾਂਦਾ ਸੀ। ਇਸਤੇ ਸ਼੍ਰੀ ਕਿਸ਼ੋਰ ਚੰਦ ਬਾਂਸਲ, ਨਿਗ: ਇੰਜੀਨੀਅਰ ਨੇ ਦਸਿਆ ਕਿ ਨਗਰ ਨਿਗਮ ਪਾਸ ਮਿਤੀ 12.05.2011 ਤੋਂ ਹੀ ਰਿਕਾਰਡ ਮੌਜੂਦ ਹੈ।**

**ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਮੇਰੇ ਵੱਲੋਂ ਤਕਰੀਬਨ 40-45 ਸਾਲਾਂ ਤੋਂ ਇਸ ਟੋਭੇ ਨੂੰ ਨਗਰ ਕੌਂਸਲ (ਹੁਣ ਨਗਰ ਨਿਗਮ) ਵੱਲੋਂ ਵਰਤਿਆ ਦੇਖਿਆ ਜਾ ਰਿਹਾ ਹੈ। ਇਸ ਟੋਭੇ ਵਿੱਚ ਸਿਰਕੀ ਬਾਜਾਰ, ਪੁਰਾਣਾ ਥਾਣਾ ਅਤੇ ਪਰਸ ਰਾਮ ਨਗਰ ਆਦਿ ਇਲਾਕਿਆਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਕੀਤੀ ਜਾਂਦੀ ਸੀ। ਪਰੰਤੂ ਇਸ ਟੋਭੇ ਦੀ ਚਾਰਦੀਵਾਰੀ ਸਾਲ 2011 ਵਿੱਚ ਕਰਵਾਈ ਗਈ ਸੀ। ਉਹਨਾਂ ਕਿਹਾ ਕਿ ਨਗਰ ਨਿਗਮ ਪਾਸ ਜਿੰਨੀ ਜਗ੍ਹਾ ਕਬਜ਼ੇ ਵਿੱਚ ਹੈ, ਉਸਦੀ ਲੀਜ਼ ਮਨੀ ਭਰਨੀ ਯੋਗ ਹੋਵੇਗੀ।**

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਇਹ ਤਾਂ ਮਾਨਯੋਗ ਮੇਅਰ ਸਾਹਿਬ ਵੀ ਮੰਨਦੇ ਹਨ ਕਿ ਇਹ ਟੋਭਾ 35-40 ਸਾਲ ਪੁਰਾਣਾ ਹੈ। ਉਹਨਾਂ ਕਿਹਾ ਕਿ ਇਹ ਜਗ੍ਹਾ ਪਹਿਲਾਂ ਤਕਰੀਬਨ 13 ਏਕੜ੍ਹ ਸੀ। ਉਹਨਾਂ ਪੁੱਛਿਆ ਕਿ ਇਹ ਜਗ੍ਹਾ ਹੁਣ ਕਿੰਨੀ ਹੈ ਅਤੇ ਕਿਸ ਸਟੇਜ਼ ਤੇ ਹੈ ਇਸ ਬਾਰੇ ਦਸਿਆ ਜਾਵੇ। ਜੇਕਰ ਇਹ ਜਗ੍ਹਾ ਕਿਸੇ ਵੱਲੋਂ ਰੋਕੀ ਗਈ ਹੈ ਤਾਂ ਇਸ ਬਾਰੇ ਵੀ ਦਸਿਆ ਜਾਵੇ। ਇਹ ਵੀ ਦਸਿਆ ਜਾਵੇ ਕਿ ਸਾਲ 2011 ਤੋਂ ਪਹਿਲਾਂ ਨਗਰ ਨਿਗਮ ਵੱਲੋਂ ਲੀਜ਼ ਮਨੀ ਦਿੱਤੀ ਜਾ ਰਹੀ ਸੀ ਜਾਂ ਨਹੀਂ, ਇਸ ਬਾਰੇ ਵੀ ਦਸਿਆ ਜਾਵੇ।**

**ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਇਸ ਟੋਭੇ ਦੀ ਡੀ-ਸਿਲਟਿੰਗ ਕੀਤੀ ਜਾ ਚੁੱਕੀ ਹੈ। ਇਸ ਵਿੱਚੋਂ ਹੁਣ ਗਾਰ ਕੱਢਣ ਦਾ ਕੰਮ ਚੱਲ ਰਿਹਾ ਹੈ।ਉਹਨਾਂ ਕਿਹਾ ਕਿ ਜਿਸ ਜਗ੍ਹਾ ਮਿਤੀ 12.05.2011 ਤੱਕ ਚਾਰਦੀਵਾਰੀ ਕੀਤੀ ਜਾ ਚੁੱਕੀ ਹੈ, ਉਸ ਜਗ੍ਹਾ ਦੀ ਲੀਜ਼ ਮਨੀ ਤੁਰੰਤ ਭਰੀ ਜਾਵੇ। ਇਸ ਬਾਰੇ ਰਿਕਾਰਡ ਪੇਸ਼ ਕੀਤਾ ਜਾਵੇ।**

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਜੋ 77K-11M ਦੀ ਲੀਜ਼ ਭਰੀ ਜਾਣੀ ਹੈ, ਉਸਦੀ ਨਿਸ਼ਾਨਦੇਹੀ ਕਰਵਾਉਣੀ ਵੀ ਯਕੀਨੀ ਬਣਾਈ ਜਾਵੇ। ਇਹ ਵੀ ਦਸਿਆ ਜਾਵੇ ਕਿ ਸਾਲ 2011 ਤੋਂ ਪਹਿਲਾਂ ਇਹ ਜਗ੍ਹਾ ਲੀਜ਼ ਤੇ ਸੀ, ਜਾਂ ਨਹੀਂ ਇਸ ਬਾਰੇ ਵੀ ਦਸਿਆ ਜਾਵੇ।**

**ਕਮਿਸ਼ਨਰ ਸਾਹਿਬ ਨੇ ਕਿਹਾ ਕਿ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਡਿਟੇਲ ਪੇਸ਼ ਕਰ ਦਿੱਤੀ ਜਾਵੇਗੀ।**

| | |
|---|---|
| **ਮਤਾ ਨੰਬਰ 47 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 11:**

ਰਿਪੋਰਟ ਸਿਹਤ ਸ਼ਾਖਾ ਕਿ ਵੀਰਪਾਲ ਕੋਰ ਪਤਨੀ ਸ਼੍ਰੀ ਸੁਖਮੰਦਰ ਸਿੰਘ, ਵਾਸੀ #8/ਏ, ਗਲੀ ਨੰ: 1, ਕਰਤਾਰ ਬਸਤੀ, ਗੋਨਿਆਨਾ ਮੰਡੀ, ਬਠਿੰਡਾ ਵੱਲੋਂ ਆਪਣੀ ਦਰਖਾਸਤ ਅਤੇ ਆਰ.ਟੀ.ਆਈ. ਨੰ: 55 ਮਿਤੀ 18.03.2019 ਰਾਹੀਂ ਅਵਾਰਾ ਪਸ਼ੂਆਂ ਦੁਆਰਾ ਹੋਏ ਹਾਦਸੇ ਦੋਰਾਨ ਹਸਪਤਾਲ ਵਿੱਚ ਹੋਏ ਇਲਾਜ਼ ਦੇ ਖਰਚੇ ਦੀ ਮੰਗ ਕੀਤੀ ਗਈ ਸੀ। ਇਸ ਦਰਖਾਸਤ ਦੇ ਸਬੰਧ ਵਿੱਚ ਸ਼੍ਰੀ ਕਰਤਾਰ ਸਿੰਘ ਸੈਨਟਰੀ ਇੰਸਪੈਕਟਰ ਵੱਲੋਂ ਮਿਤੀ 14.02.2019 ਨੂੰ ਦੁਰਘਟਨਾ ਵਾਲੇ ਸਥਾਨ ਅਤੇ ਸਬੰਧਤ ਹਸਪਤਾਲ ਜਿੱਥੇ ਵੀਰਪਾਲ ਕੋਰ ਨੇ ਇਲਾਜ਼ ਕਰਵਾਇਆ ਹੈ, ਜਾ ਕੇ ਖੁੱਦ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਹੈ। ਇਸ ਆਰ.ਟੀ.ਆਈ. ਸਬੰਧੀ ਸ਼੍ਰੀ ਕਰਤਾਰ ਸਿੰਘ, ਸੈਨਟਰੀ ਇੰਸਪੈਕਟਰ ਵੱਲੋਂ ਕੀਤੀ ਗਈ ਕਾਰਵਾਈ ਤੇ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਨਿਗਮ ਦੇ ਬਜਟ ਸਾਲ 2018-2019 ਵਿੱਚ ਪ੍ਰੋਵੀਜ਼ਨ ਰੱਖੀ ਗਈ ਸੀ। ਪਰੰਤੂ ਕਿਸ ਨੂੰ ਦੇਣਾ ਹੈ, ਕਿਸ ਆਧਾਰ ਤੇ ਦੇਣਾ ਹੈ ਅਤੇ ਇਸ ਸਬੰਧੀ Criteria ਕੀ ਹੈ, ਇਸ ਬਾਰੇ ਕੁੱਝ ਵੀ ਨਿਸ਼ਚਿਤ ਨਹੀਂ ਕੀਤਾ ਗਿਆ ਸੀ, ਨਾ ਹੀ ਇਸ ਸਬੰਧੀ ਸਰਕਾਰ ਦੀਆਂ ਕੋਈ ਹਦਾਇਤਾਂ ਹਨ। ਇਸ ਲਈ ਯੋਗ ਹੋਵੇਗਾ ਕਿ ਕੇਸ ਹਾਊਸ ਵਿਚਾਰ ਲਿਆ ਜਾਵੇ।ਇਸ ਮੱਦ ਨੂੰ ਮਤਾ ਨੰਬਰ 21 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ ਤੋਂ ਕੇਸ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਜਗਰੂਪ ਸਿੰਘ ਗਿੱਲ, ਕੋਂਸਲਰ ਨੇ ਕਿਹਾ ਕਿ ਉਕਤ ਕੇਸ ਸਬੰਧੀ ਵਿਸਥਾਰ ਨਾਲ ਘੋਖ ਲਿਆ ਜਾਵੇ। ਕਿਤੇ ਇਹ ਨਾ ਹੋਵੇ ਕਿ ਅਸੀ ਆਪਣੇ ਆਪ ਨੂੰ ਜਿੰਮੇਵਾਰ ਬਣਾ ਲਈਏ।**

**ਹਾਊਸ ਵਿੱਚ ਮੋਜੂਦ ਕੋਂਸਲਰ ਸਾਹਿਬਾਨ ਵੱਲੋਂ ਇਸ ਕੇਸ ਤੇ ਵਿਚਾਰ ਕਰਨ ਖਾਤਰ ਸਬ-ਕਮੇਟੀ ਬਨਾਉਣ ਦੀ ਮੰਗ ਕੀਤੀ।**

| | |
|---|---|
| **ਮਤਾ ਨੰਬਰ 48 :** | **ਪਾਸ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਸਬ-ਕਮੇਟੀ ਦਾ ਫੈਸਲਾ ਆਉਣ ਤੱਕ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰ: 12:**

ਰਿਪੋਰਟ ਹਾਊਸ ਟੈਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਸਿਵਲ ਅਪੀਲ ਨੰਬਰ 9458-63/ ਟਾਈਟਲਡ ਐਨ ਰਾਜ਼ਕੋਟ ਮਿਉਂਸਪਲ ਕਾਰਪੋਰੇਸ਼ਨ ਅਤੇ ਹੋਰ ਬਨਾਮ 2003UOI ਅਤੇ ਹੋਰ ਵਿੱਚ ਮਿਤੀ 19-11- ਅਨੁਸਾਰ ਸੁਣਾਏ ਫੈਸਲੇ ਦੀ ਰੋਸ਼ਨੀ ਵਿੱਚ ਰੇਲਵੇ ਵਿਭਾਗ ਨੂੰ ਨੋਟਿਸ ਨੋਟ 2009 1488/HT ਮਿਤੀ 23-09-3390299 ਰਾਹੀਂ ਮੁਤਾਬਿਕ 2010/- ਰੁਪੈ ਸਾਲਾਨਾ ਸਰਵਿਸ ਚਾਰਜਿਜ ਲਗਾਉਣਾ ਤਜਵੀਜ਼ ਕੀਤਾ ਗਿਆ ਸੀ ਅਤੇ ਵਿਭਾਗ ਨੂੰ ਮਹੀਨੇ ਦੇ ਅੰਦਰ ਅੰਦਰ ਇਸ ਸਰਵਿਸ ਚਾਰਜਿਜ ਸਬੰਧੀ ਜਾਰੀ ਕੀਤੇ 1 27 ਨੋਟਿਸ ਤੇ ਇਤਰਾਜਾਂ ਮੰਗ ਕੀਤੀ ਗਈ ਸੀ। ਇਸ ਦੌਰਾਨ ਮਿਤੀ-01-ਨੂੰ ਵਿਭਾਗ ਵੱਲੋਂ ਸੀਨੀਅਰ ਡਵੀਜਨਲ 2011 ) ਇੰਜੀਨੀਅਰII) ਉੱਤਰੀ ਰੇਲਵੇ ਅੰਬਾਲਾ ਕੈਂਟ ਰਾਹੀਂ ਲਿਖਤੀ ਇਤਰਾਜ ਪੇਸ਼ ਕੀਤਾ ਗਿਆ ਅਤੇ ਕੇਸ ਲਈ ਨਿਸਚਿਤ ਕੀਤੀ ਤਾਰੀਖ 24-02- (ਵਰਕਸ) ਗ ਦੇ ਨੁਮਾਇੰਦੇ ਸ੍ਰੀ ਦਿਨੇਸ਼ ਸਿੰਘ ਸੀਨੀਅਰ ਪੈਨਸ਼ਨ ਇੰਜੀਨੀਅਰਨੂੰ ਵਿਭਾ 2011 ਉੱਤਰੀ ਰੇਲਵੇ ਬਠਿੰਡਾ ਨੇ ਲਿਖਤੀ ਦਰਖਾਸਤ ਦਿੱਤੀ ਕਿ ਸਮਰੱਥ ਅਧਿਕਾਰੀ ਦੇ ਨਾ ਪਹੁੰਚਣ ਕਰਕੇ ਕੇਸ ਸੁਣਵਾਈ 09 ਲਈ ਮਿਤੀ-03-ਨੂੰ ਕੇਸ ਦੀ ਸੁਣਵਾਈ 2011 ਲਈ ਵਿਭਾਗ ਦੀ ਤਰਫੋਂ ਸ੍ਰੀ M.P. Singh ਸਹਾਇਕ ਡਿਵੀਜਨਲ ਇੰਜੀਨੀਅਰ ਅਤੇ ਸ੍ਰੀ ਰਜੇਸ਼ ਅਰੋੜਾ ਹਾਜ਼ਰ ਸਨ33 ਅਤੇ ਸਰਵਿਸ/% ਦੀ ਦਰ ਸਾਲ ਲਗਾਉਣ ਦੀ ਮੰਗ ਕੀਤੀ। ਹਾਜ਼ਰ ਆਏ ਨੁਮਾਇੰਦਿਆਂ ਨੂੰ ਦੱਸਿਆ ਗਿਆ ਕਿ ਸਰਵਿਸ ਚਾਰਜ 33% ਦੀ ਦਰ ਨਾਲ ਉੱਥੇ ਨਿਰਧਾਰਤ ਕੀਤਾ ਜਾਣਾ ਹੈ ਜਿੱਥੇ ਸਥਾਨਕ ਸੰਸਥਾ ਵੱਲੋਂ ਵਿਭਾਗਾਂ ਨੂੰ ਕੋਈ ਵੀ ਸਰਵਿਸ ਮੁਹੱਈਆਂ ਨਹੀਂ ਕਰਵਾਈ ਜਾਂਦੀ। ਨਿਗਮ ਵੱਲੋਂ ਰੇਲਵੇ ਵਿਭਾਗ ਨੂੰ ਸੀਵਰੇਜ਼ ਅਤੇ ਰੇਲਵੇ ਵਿਭਾਗ ਦੇ ਬਣੇ ROB ਅਤੇ ਇੱਕ Rub ਤੇ ਸਟਰੀਟ ਲਾਈਟ ਦੀ ਸ਼ੁਰੂਆਤ ਮੁਹੱਈਆ ਕਰਵਾਈ ਹੋਈ ਹੋ। ਇਸ ਤਰ੍ਹਾਂ ਨਿਗਮ ਵੱਲੋਂ ਰੇਲਵੇ ਵਿਭਾਗ ਨੂੰ Partly ਸਰਵਿਸਿਜ ਮੁਹੱਈਆਂ ਕਰਵਾਈਆ ਹੋਈਆਂ ਹਨ। ਇਸ ਲਈ ਪ੍ਰਾਪਰਟੀ ਤੇ 50% ਦੀ ਦਰ ਨਾਲ ਲਗਾਇਆ ਸਰਵਿਸ ਚਾਰਜ ਠੀਕ ਹੈ। ਅਖੀਰ ਵਿੱਚ ਵਿਭਾਗ ਵੱਲੋਂ ਪੇਸ਼ ਕੀਤੇ ਇਤਰਾਜ਼ ਰੱਦ ਕਰਦੇ ਹੋਏ 3390299/- ਰੁਪੈ ਤੋਂ ਘਟਾ ਕੇ 3237047/- ਰੁਪੈ ਸਾਲਾਨਾ ਸਰਵਿਸ ਚਾਰਜਿਜ ਫਾਈਨਲ ਕੀਤੇ ਗਏ।

ਇਸ ਸਮੇਂ ਰੇਲਵੇ ਵਿਭਾਗ ਵੱਲ ਨਗਰ ਨਿਗਮ ਦਾ ਸਾਲ 2010-2017 ਤੋਂ 11- ਦੇ ਸਰਵਿਸ ਚਾਰਜਿਜ ਵਿੱਚੋਂ 18 12336532/- ਰੁਪੈ ਅਤ 2018-3237047 ਦਾ 19/- ਰੁਪੈ ਸਰਵਿਸ ਚਾਰਜਿਜ ਬਕਾਇਆ ਹੈ। ਰੇਲਵੇ ਵਿਭਾਗ ਵੱਲੋਂ ਸਾਲ 2010-2017 ਤੋਂ 11-ਉਹ ,ਤੱਕ ਦੇ ਬਕਾਏ ਵਿੱਚੋਂ ਜੋ ਸਰਵਿਸ ਚਾਰਜਿਜ ਦੀ ਰਕਮ ਜਮ੍ਹਾਂ ਕਰਵਾਈ ਗਈ ਹੈ 18 33 ਵੀ% ਦੀ ਦਰ ਦੇ ਅਨੁਸਾਰ ਜਮ੍ਹਾਂ ਕਰਵਾਈ ਗਈ ਹੈ। ਇਸ ਤਰ੍ਹਾਂ ਰੇਲਵੇ ਵਿਭਾਗ ਵੱਲ ਕੁੱਲ 15573579/- ਰੁਪੈ

ਸਰਵਿਸ ਚਾਰਜਿਜ ਬਕਾਇਆ ਹੈ। ਨਗਰ ਨਿਗਮ ਵੱਲੋਂ ਪੱਤਰ ਨੰ :46/PT ਮਿਤੀ 17-05-ਰਾਹੀਂ ਉਕਤ 2018 ਬਕਾਇਆ ਜਮ੍ਹਾਂ ਕਰਵਾਉਣ ਲਈ ਰੇਲਵੇ ਵਿਭਾਗ ਨੂੰ ਲਿਖਿਆ ਗਿਆ ਸੀ। ਇਸ ਦੇ ਜਵਾਬ ਵਿੱਚ ਰੇਲਵੇ ਵਿਭਾਗ ਨੇ ਆਪਣੇ ਪੱਤਰ ਨੰ: G-15/L/MC/BTI ਮਿਤੀ 24/05/50 ਰਾਹੀਂ ਲਿਖਿਆ ਹੈ ਕਿ ਨਗਰ ਨਿਗਮਾਂ ਵੱਲੋਂ 2018% ਦੀ ਦਰ ਨਾਲ ਲਗਾਇਆ ਸਰਵਿਸ ਚਾਰਜ ਵਿਭਾਗ ਨੂੰ ਮੰਨਜੂਰ ਨਹੀਂ ਹੈ। ਕਿਉਂਜੋ ਵਿਭਾਗ ਵੱਲੋਂ ਸਾਰੀਆਂ ਸਰਵਿਸਿਜ ਆਪਣੇ ਪੱਧਰ ਤੇ ਦਿੱਤੀਆਂ ਗਈਆਂ ਹਨ ਅਤੇ ਇਹਨਾਂ ਦੀ ਸਾਂਭ ਸੰਭਾਲ ਵੀ ਆਪਣੇ ਪੱਧਰ ਤੇ ਵਿਭਾਗ ਵੱਲੋਂ ਕੀਤੀ ਜਾਂਦੀ ਹੈ। ਜੇਕਰ ਨਗਰ ਨਿਗਮ ਕੋਲ ਉਕਤ ਸੇਵਾਵਾਂ ਦੇਣ ਸਬੰਧੀ ਕੋਈ ਸਬੂਤ ਹੈ ਤਾਂ ਵਿਭਾਗ ਨੂੰ ਦਿੱਤਾ ਜਾਵੇ ਅਤੇ ਵਿਭਾਗ ਵੱਲੋਂ ਉਸ ਤੇ ਵਿਚਾਰ ਕਰ ਲਿਆ ਜਾਵੇਗਾ। ਇਸ ਲਈ ਵਿਭਾਗ ਨੂੰ ਲਗਾਇਆ ਸਰਵਿਸ ਚਾਰਜਿਜ 33 ਦੀ ਥਾਂ %50% ਦਰੁਸਤ ਕੀਤਾ ਜਾਵੇ। ਸੋ ਇਸ ਪੱਧਰ ਤੇ ਇਹ ਯੋਗ ਹੋਵੇਗਾ ਕਿ ਇਸ ਸਬੰਧੀ ਵਿਚਾਰ ਕਰਨ ਲਈ ਕੇਸ ਨਿਗਮ ਹਾਊਸ ਨੂੰ ਭੇਜਿਆ ਜਾਵੇ ਜੀ।

ਇਸ ਮੱਦ ਨੂੰ ਮਤਾ ਨੰਬਰ 22 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਜੇਕਰ ਨਗਰ ਨਿਗਮ ਵੱਲੋਂ ਰੇਲਵੇ ਵਿਭਾਗ ਦੀ ਇੱਕ ਫੁੱਟ ਵੀ ਜਗ੍ਹਾ ਵਰਤੀ ਜਾਂਦੀ ਹੈ ਤਾਂ ਨਗਰ ਨਿਗਮ ਤੋਂ ਪਹਿਲਾਂ ਪੈਸੇ ਭਰਵਾਏ ਜਾਂਦੇ ਹਨ।**

**ਪ੍ਰਾਪਰਟੀ ਟੈਕਸ ਸੁਪਰਡੈਂਟ ਨੇ ਦਸਿਆ ਕਿ ਸਾਲ 2009 ਵਿੱਚ ਹਾਊਸ ਟੈਕਸ ਲਗਦਾ ਸੀ। ਜੇਕਰ ਨਗਰ ਨਿਗਮ ਵੱਲੋਂ ਸਾਰੀਆਂ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਹਨ, ਤਾਂ ਰੇਲਵੇ ਵਿਭਾਗ ਵੱਲੋਂ 67% ਸਰਵਿਸ ਚਾਰਜ਼ ਦਿੱਤੇ ਜਾਣਗੇ। ਜੇਕਰ ਅੱਧੀਆਂ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਹਨ ਤਾਂ 50% ਅਤੇ ਜੇਕਰ ਕੋਈ ਸੁਵਿਧਾ ਨਹੀਂ ਦਿੱਤੀ ਜਾਂਦੀ ਤਾਂ 33% ਸਰਵਿਸ ਚਾਰਜ਼ ਦਿੱਤੇ ਜਾਣਗੇ।**

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਰੇਲਵੇ ਵਿਭਾਗ ਵੱਲੋਂ ਪਾਣੀ ਅਤੇ ਹੋਰ ਇਨਫਰਾਸਟਰੱਕਚਰ ਨਗਰ ਨਿਗਮ ਦੇ ਵਰਤੇ ਜਾਂਦੇ ਹਨ। ਇਸ ਲਈ ਪੂਰੇ ਬਣਦੇ ਪੈਸੇ ਭਰਵਾਏ ਜਾਣ।**

| | |
|---|---|
| **ਮਤਾ ਨੰਬਰ 49:** | **ਦਫਤਰੀ ਰਿਪੋਰਟ ਅਨੁਸਾਰ ਪ੍ਰਵਾਨ ਹੈ।** |

**ਏਜੰਡਾ ਨੰਬਰ 13:**

ਦਫਤਰੀ ਰਿਪੋਰਟ ਕਿ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ, ਗਣੇਸ਼ ਨਗਰ, ਬਠਿੰਡਾ ਵੱਲੋਂ ਬੇਨਤੀ ਕੀਤੀ ਹੈ ਕਿ ਗੋਲ ਚੱਕਰ ਪਾਰਕ, ਗਣੇਸ਼ ਨਗਰ, ਬਠਿੰਡਾ ਦਾ ਨਾਮ ਸਵਾਮੀ ਵਿਵੇਕਾਨੰਦ ਪਾਰਕ, ਗਣੇਸ਼ ਨਗਰ, ਬਠਿੰਡਾ ਰੱਖਣ ਦੀ ਮੰਨਜ਼ੂਰੀ ਦਿੱਤੀ ਜਾਵੇ।

ਉਕਤ ਦੇ ਸਬੰਧ ਵਿੱਚ ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4 ਸ.ਸ. 3/156760/1-3 ਮਿਤੀ 03.02.2014 ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟੇਗਰੀਆਂ ਵਿੱਚੋਂ ਹੀ ਰੱਖਿਆ ਜਾ ਸਕੇਗਾ:-

(ੳ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।

- ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ (Recognition) ਪ੍ਰਾਪਤ ਵਿਅਕਤੀ।
- ਗਲੰਟਰੀ ਅਵਾਰਡ ਪ੍ਰਾਪਤ ਵਿਅਕਤੀ
- ਅਜਿਹੇ ਸੁਤੰਤਰਤਾ ਸੰਗਰਾਮੀ, ਜਿੰਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੇ ਹੋਏ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।
- ਅਜਿਹੇ ਸੁਤੰਤਰਤਾ ਸੰਗਰਾਮੀ, ਜਿੰਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।
- ਉੱਘੇ ਵਿਅਕਤੀ, ਜਿੰਨ੍ਹਾਂ ਨੇ ਸਮਾਜ ਦੀ ਭਲਾਈ - ਜਿਵੇਂ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾਂ ਆਦਿ - ਦੇ ਕੰਮਾਂ ਵਿੱਚ ਕੋਈ ਵਿਸ਼ੇਸ਼ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜਰੂਰੀ ਸਮਝਿਆ ਜਾਵੇ।
- ਕੋਈ ਹੋਰ ਉੱਘੀ ਸ਼ਖਸੀਅਤ, ਜੋ ਉਕਤ ਕੈਟਾਗਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅਜੰਡਾ ਆਈਟਮ ਵੱਜੋਂ ਸਪਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ) ਜੇਕਰ ਕਿਸੇ ਜਗ੍ਹਾ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮੱਰਥ ਅਥਾਰਟੀ ਤੋਂ ਪ੍ਰਵਾਨ ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਇਸ ਮੱਦ ਨੂੰ ਮਤਾ ਨੰਬਰ 23 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 50 :** | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਸ ਸਬੰਧੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ।** |

## ਏਜੰਡਾ ਨੰਬਰ 14:

ਦਫਤਰੀ ਰਿਪੋਰਟ ਕਿ ਸ਼੍ਰੀ ਮਨਪ੍ਰੀਤ ਸਿੰਘ ਸੇਵਾਦਾਰ, ਸ਼੍ਰੀ ਲਾਜਪਤ ਰਾਏ ਸੇਵਾਦਾਰ ਅਤੇ ਸ਼੍ਰੀ ਮਲਕੀਤ ਸਿੰਘ ਸਫਾਈ ਸੇਵਕ, ਹੈਡੀਕੈਪ ਕੋਟੇ ਵਿਰੁੱਧ ਨਿਯੁੱਕਤ ਹੋਏ ਸਨ। ਹੁਣ ਇਹ ਕਰਮਚਾਰੀ ਮੰਗ ਕਰ ਰਹੇ ਹਨ ਕਿ ਉਹਨਾਂ ਨੂੰ ਹੈਂਡੀਕੈਪ ਕੋਟੇ ਵਿਰੁੱਧ ਨਿਯੁਕਤ ਹੋਏ ਸਨ। ਹੁਣ ਇਹ ਕਰਮਚਾਰੀ ਮੰਗ ਕਰ ਰਹੇ ਹਨ ਕਿ ਉਹਨਾਂ ਨੂੰ ਹੈਂਡੀਕੈਪ ਕੋਟੇ ਵਿਰੁੱਧ ਤਰੱਕੀ ਦਿੱਤੀ ਜਾਵੇ। ਇਸ ਮੰਗ ਨੂੰ ਲੈ ਕੇ ਇਹ ਜਿਲਾ ਸਮਾਜਿਕ ਸੁਰੱਖਿਆ ਅਫਸਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ, ਡਾਇਰੈਕਟਰ, ਸਮਾਜਿਕ ਸੁੱਰਖਿਆ ਅਫਸਰ, ਪੰਜਾਬ, ਚੰਡੀਗੜ੍ਹ ਵਿਖੇ ਪਹੁੰਚ ਕਰ ਚੁੱਕੇ ਹਨ। ਕਰਮਚਾਰੀਆਂ ਲਈ ਬਣੀ ਕੌਂਸਲਰ ਸਾਹਿਬਾਨ ਦੀ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਵਿੱਚ ਹਦਾਇਤ ਕੀਤੀ ਗਈ ਸੀ ਕਿ ਇੰਨ੍ਹਾਂ ਦੀ ਦਰਖਾਸਤ ਤੇ ਰਿਪੋਰਟ ਸਬ-ਕਮੇਟੀ ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।

ਹਦਾਇਤਾਂ ਅਨੁਸਾਰ ਰਿਪੋਰਟ ਹੈ ਕਿ ਦਿਵਯਾਂਗ ਕੋਟੇ ਲਈ 3% ਪੋਸਟਾਂ ਰਿਜ਼ਰਵ ਹੁੰਦੀਆਂ ਹਨ। 1% ਨੇਤਰਹੀਣ ਅਤੇ ਆਂਸ਼ਿਕ ਨੇਤਰਹੀਣ, 1% ਗੂੰਗਾ ਅਤੇ ਬੋਲਾ ਅਤੇ 1% ਸ਼ਰੀਰਿਕ ਰੂਪ ਵਿੱਚ ਅਪੰਗ ਵਿਅਕਤੀਆਂ ਲਈ ਹੁੰਦਾ ਹੈ। ਡਾਇਰੈਕਟਰ, ਸਮਾਜਿਕ ਸੁਰੱਖਿਆ ਅਫਸਰ ਦੀਆ ਹਦਾਇਤਾਂ ਅਨੁਸਾਰ ਪ੍ਰਮੋਸ਼ਨ ਕੋਟੇ ਵਿੱਚ ਅਤੇ ਡੀ ਕੈਟੇਗਰੀ ਲਈ ਰੋਸਟਰ ਦਾ ਨੁਕਤਾ 10,40 ਅਤੇ 70 ਹੁੰਦਾ ਹੈ। ਨਗਰ ਨਿਗਮ ਵਿਖੇ ਕਲੱਰਕਾਂ ਦੀਆਂ 76 ਆਸਾਮੀਆਂ ਪ੍ਰਵਾਨਤ ਹਨ। 15% ਪ੍ਰਮੋਸ਼ਨ ਕੋਟੇ ਤਹਿਤ 12 ਪੋਸਟਾਂ ਹਨ। ਇਸ ਲਈ ਰੋਸਟਰ ਨੁਕਤਾ 10 ਤੇ ਹੈਂਡੀਕੈਪ ਪਦ-ਉਨੱਤ ਕਰਨਾ ਬਣਦਾ ਹੈ। ਨਗਰ ਨਿਗਮ ਵਿਖੇ ਆਂਸ਼ਿਕ ਨੇਤਰਹੀਣ ਅਤੇ ਸ਼ਰੀਰਿਕ ਰੂਪ ਵਿੱਚ ਅਪੰਗ ਕੈਟੇਗਰੀ ਤਹਿਤ ਕਰਮਚਾਰੀ ਕੰਮ ਕਰ ਰਹੇ ਹਨ। ਜਦਕਿ ਗੂੰਗਾ ਅਤੇ ਬੋਲਾ ਦੀ ਪੋਸਟ ਖਾਲੀ ਹੈ। ਇਸ ਲਈ ਇੰਨ੍ਹਾਂ ਨੂੰ ਤਰੱਕੀ ਦੇਣ ਲਈ ਪੋਸਟ ਕਨਵਰਟ ਕੀਤੀ ਜਾਣੀ ਹੈ। ਸ਼੍ਰੀ ਮਲਕੀਤ ਸਿੰਘ ਸਫਾਈ ਸੇਵਕ ਦੀ ਨਿਯੁਕਤੀ ਮਿਤੀ 22.09.2000 ਹੈ। ਸ਼੍ਰੀ ਲਾਜਪਤ ਰਾਏ, ਸੇਵਾਦਾਰ ਦੀ ਨਿਯੁਕਤੀ ਦੀ ਮਿਤੀ 16.04.2002 ਹੈ ਅਤੇ ਸ਼੍ਰੀ ਮਨਪ੍ਰੀਤ ਸਿੰਘ ਸੇਵਾਦਾਰ ਦੀ ਨਿਯੁਕਤੀ ਦੀ ਮਿਤੀ 01.09.2000 ਹੈ। ਇਸ ਅਨੁਸਾਰ ਸ਼੍ਰੀ ਮਨਪ੍ਰੀਤ ਸਿੰਘ ਸੇਵਾਦਾਰ ਸੀਨੀਅਰ ਜਾਪਦਾ ਹੈ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਇੰਨ੍ਹਾਂ ਕਰਮਚਾਰੀਆਂ ਵੱਲੋਂ ਟਾਈਪ ਟੈਸਟ ਤੋਂ ਛੋਟ ਕਲੇਮ ਕੀਤੀ ਗਈ ਹੈ। ਇਸ ਸਬੰਧੀ ਹੈਡੀਕੈਪ ਕੋਟੇ ਵਿੱਚ ਪ੍ਰਮੋਸ਼ਨ ਕੋਟੇ ਤਹਿਤ ਕਿੰਨੀਆਂ ਪੋਸਟਾਂ ਬਣਦੀਆਂ ਹਨ, ਇਸ ਬਾਰੇ ਕਾਨੂੰਨੀ ਸਲਾਹਕਾਰ ਦੀ ਰਾਏ ਲੈਣ ਹਿੱਤ ਹਦਾਇਤ ਕੀਤੀ ਗਈ।

ਕਾਨੂਨੀ ਸਲਾਹਕਾਰ ਨੇ ਰਿਪੋਰਟ ਕੀਤੀ ਹੈ ਕਿ "Vide office noting dated 15.11.2018, the office has already worked out the posts of handicap under promotion and enclose the notification/ Govt. instructions on the basis of which the same has been worked out, so that proper opinion can be given."

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਨਗਰ ਨਿਗਮ ਬਠਿੰਡਾ ਵਿਖੇ ਕਲੱਰਕਾਂ ਦੀਆਂ 76 ਸੈਂਕਸ਼ਨਡ ਪੋਸਟਾਂ ਹਨ। ਜਿਸ ਵਿੱਚੋਂ 22 ਪੋਸਟਾਂ ਭਰੀਆਂ ਹਨ। 15% ਪ੍ਰਮੋਸ਼ਨ ਕੋਟੇ ਤਹਿਤ 12 ਪੋਸਟਾਂ ਬਣਦੀਆਂ ਹਨ। ਪ੍ਰਮੋਸ਼ਨ ਕੋਟੇ ਵਿੱਚ 7 ਪੋਸਟਾਂ ਭਰੀਆਂ ਹਨ, ਜਿਸ ਵਿੱਚੋਂ 5 ਪੋਸਟਾਂ ਖਾਲੀ ਹਨ। ਹੈਡੀਕੈਪ ਦਾ ਰੋਸਟਰਡ ਪੁਆਇੰਟ 11 40 71 ਹੈ। ਇਸ ਸਬੰਧੀ Annexure-A, Annexure-B, Annexure-C & Annexure-D ਨਾਲ ਨੱਥੀ ਹਨ।ਇਸ ਸਮੇਂ ਹੈਡੀਕੈਪ ਕੋਟੇ ਤਹਿਤ 2 ਕਲੱਰਕ ਕੰਮ ਕਰ ਰਹੇ ਹਨ। ਇੱਕ ਪੋਸਟ ਖਾਲੀ ਹੈ।

ਇਸਤੇ ਕਾਨੂਨੀ ਸਲਾਹਕਾਰ ਨੇ ਰਿਪੋਰਟ ਕੀਤੀ ਹੈ ਕਿ "I have gone through Annexure-A to Annexure-D and in my opinion, the calculation of posts under promotion another, worked out vide noting dated 12.01.2019 is correct."

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "One post of clerk under handicap quota blind may filled by promotion. Sh. Manpreet Singh is senior."

ਇਸ ਮੱਦ ਨੂੰ ਮਤਾ ਨੰਬਰ 24 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੱੜ ਤੋਂ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 51 :** | **ਪ੍ਰਵਾਨ ਹੈ। ਇਸ ਸਬੰਧੀ ਸਰਕਾਰ ਦੇ ਨਿਯਮਾਂ ਮੁਤਾਬਿਕ ਕਾਰਵਾਈ ਕੀਤੀ ਜਾਵੇ।** |

## ਏਜੰਡਾ ਨੰਬਰ 15 :

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸਬ-ਕਮੇਟੀ ਦੀ ਮੀਟਿੰਗ ਮਿਤੀ 14.02.2019 ਨੂੰ ਦੁਪਹਿਰ 12.00 ਵਜੇ ਨਗਰ ਨਿਗਮ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕੀਤਾ ਗਿਆ :-

**1:**

ਦਫਤਰੀ ਰਿਪੋਰਟ ਕਿ ਸ਼੍ਰੀ ਰੰਮੀ ਰਾਮ ਸੀਵਰਮੈਨ ਪੁੱਤਰ ਸ਼੍ਰੀ ਚੋਥਾ ਰਾਮ, ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਵਿਰੁੱਧ ਕੰਮ ਕਰਦਾ ਸੀ, ਜਿਸਦੀ ਮਿਤੀ 04.07.2018 ਨੂੰ ਨੋਕਰੀ ਦੋਰਾਨ ਮੋਤ ਹੋ ਚੁੱਕੀ ਹੈ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਪ੍ਰਦੀਪ ਕੁਮਾਰ ਵੱਲੋਂ ਆਪਣੇ ਪਿਤਾ ਦੀ ਜਗ੍ਹਾ ਤੇ ਤਰਸ ਦੇ ਆਧਾਰ ਤੇ ਨੋਕਰੀ ਲੱਗਣ ਲਈ ਸੀਵਰੇਜ਼ ਬੋਰਡ ਵਿਖੇ ਬਿਨੈ ਪੱਤਰ ਦਿੱਤਾ ਹੈ। ਬਿਨੈਕਾਰ ਪ੍ਰਾਇਮਰੀ ਪਾਸ ਹੈ ਅਤੇ ਦਿੱਤੇ ਗਏ ਦਸਤਾਵੇਜ਼ਾਂ ਅਨੁਸਾਰ ਉਸਦੀ ਜਨਮ ਮਿਤੀ 02.04.1993 ਹੈ। ਮ੍ਰਿਤਕ ਕਰਮਚਾਰੀ ਸੀਵਰੇਜ਼ ਬੋਰਡ ਦਾ ਕਰਮਚਾਰੀ ਸੀ। ਉਸਨੂੰ ਸੀਵਰੇਜ਼ ਬੋਰਡ ਵੱਲੋਂ ਭਰਤੀ ਕੀਤਾ ਗਿਆ ਸੀ। ਮ੍ਰਿਤਕ ਦੇ ਵਾਰਸਿ ਨੂੰ ਨੋਕਰੀ ਸੀਵਰੇਜ਼ ਬੋਰਡ ਵੱਲੋਂ ਦਿੱਤੀ ਜਾਣੀ ਹੈ, ਜਿਸਦੀ ਤਨਖਾਹ ਦਾ ਸਾਰਾ ਖਰਚਾ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਨੂੰ ਪੈਣਾ ਹੈ। ਜਿਸਦੀ ਅਦਾਇਗੀ ਨਗਰ ਨਿਗਮ ਵੱਲੋਂ

ਕੀਤੀ ਜਾਣੀ ਹੈ। ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਨੇ ਆਪਣੇ ਪੱਤਰ ਨੰ: 4167 ਮਿਤੀ 25.10.2018 ਰਾਹੀਂ ਮ੍ਰਿਤਕ ਸ਼੍ਰੀ ਰੰਮੀ ਰਾਮ, ਸੀਵਰਮੈਨ ਪੁੱਤਰ ਸ਼੍ਰੀ ਚੋਥਾ ਰਾਮ ਦੇ ਵਾਰਸ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਸਬੰਧੀ ਸਹਿਮਤੀ ਦੇਣ ਦੀ ਮੰਗ ਕੀਤੀ ਹੈ। ਸੋ, ਮ੍ਰਿਤਕ ਦੇ ਵਾਰਿਸ ਨੂੰ ਨੋਕਰੀ ਤੇ ਰਖਣ ਲਈ ਸਹਿਮਤੀ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਸਹਿਮਤੀ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**2:**

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਰੋਸ਼ਨ ਪੁੱਤਰ ਪ੍ਰੇਮ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 25.11.2017 ਨੂੰ ਮੌਤ ਹੋ ਗਈ ਸੀ । ਇਸ ਦੀ ਪਤਨੀ ਸ਼੍ਰੀਮਤੀ ਜੋਤੀ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਮ੍ਰਿਤਕ ਵੱਲੋਂ ਗਰੈਚੂਟੀ ਅਤੇ ਲੀਵ-ਇਨਕੈਸ਼ਮੈਂਟ ਦਾ ਨੋਮੀਨੇਸ਼ਨ ਆਪਣੀ ਪਤਨੀ ਸ਼੍ਰੀਮਤੀ ਜੋਤੀ ਦੇ ਨਾਮ ਤੇ ਕੀਤਾ ਹੋਇਆ ਸੀ। ਸ਼੍ਰੀਮਤੀ ਜੋਤੀ ਪਤਨੀ ਸ਼੍ਰੀ ਰੋਸ਼ਨ ਵੱਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦਾ ਇਕ ਬੇਟਾ ਵੀਰ ਅਤੇ ਦੋ ਬੇਟੀਆਂ ਮਾਂਸ਼ੂ ਅਤੇ ਅੰਜਲੀ ਹਨ, ਪ੍ਰਾਰਥੀ ਵੱਲੋਂ ਇਹ ਵੀ ਲਿਖਿਆ ਗਿਆ ਹੈ ਕਿ ਉਸਦੇ ਪਤੀ ਦੇ ਬਣਦੇ ਬਕਾਇਆ ਦੀ ਮਿਲੀ ਰਾਸ਼ੀ ਬੈਂਕ ਲੋਨ ਅਤੇ ਹੋਰ ਕਰਜ਼ਿਆਂ ਵਿਚ ਚਲੀ ਗਈ ਹੈ।ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਜੋਤੀ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਜੋਤੀ ਪੜਨਾ ਲਿਖਣਾ ਜਾਣਦੀ ਹੈ ਪਰੰਤੂ ਉਸ ਪਾਸ ਪੜਾਈ ਸਬੰਧੀ ਕੋਈ ਸਬੂਤ ਨਹੀਂ ਹੈ ਅਤੇ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1985 ਹੈ। ਉਸਨੇ ਇਹ ਵੀ ਲਿਖਿਆ ਹੈ ਕਿ ਉਹ ਆਪਣੇ ਤਿੰਨੋ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਦੀ ਪਾਬੰਦ ਹੋਵੇਗੀ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ।ਇਸ ਲਈ ਸ਼੍ਰੀਮਤੀ ਜੋਤੀ ਨੂੰ ਉਸਦੇ ਪਤੀ ਸ਼੍ਰੀ ਰੋਸ਼ਨ ਪੁੱਤਰ ਪ੍ਰੇਮ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**ਉਕਤ ਸਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਅਤੇ ਮਿਤੀ 14.12.2018 ਵਿੱਚ ਲਏ ਫੈਸਲੇ ਅਨੁਸਾਰ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ।**

**ਕੇਸ ਮੁੜ੍ਹ ਤੋਂ ਸਬ-ਕਮੇਟੀ ਦੇ ਵਿਚਾਰ ਹਿੱਤ।**

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**3:**

ਦਫਤਰੀ ਰਿਪੋਰਟ ਕਿ ਸ਼੍ਰੀ ਰਮੇਸ਼ ਪੁੱਤਰ ਸ਼੍ਰੀ ਭੀਖੂ ਰਾਮ, ਨਗਰ ਨਿਗਮ, ਬਠਿੰਡਾ ਵਿਖੇ ਬਤੋਰ ਸੀਵਰਮੈਨ ਕੰਮ ਕਰਦਾ ਸੀ, ਜਿਸਦੀ ਨੋਕਰੀ ਦੋਰਾਨ ਮਿਤੀ 01.07.2017 ਨੂੰ ਮੋਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਰਾਜਪਾਲ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਸੀ ਕਿ ਉਸਨੂੰ ਉਸ ਦੇ ਪਿਤਾ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਦਰਜ਼ਾ ਚਾਰ ਆਸਾਮੀ ਤੇ ਨੋਕਰੀ ਤੇ ਰੱਖਿਆ ਜਾਵੇ। ਪੰਜਾਬ ਮਿਉਂਸਪਲ ਦਰਜ਼ਾ 4 ਕਰਮਚਾਰੀ ਰੂਲਜ਼ 1984 ਅਤੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਉਕਤ ਮ੍ਰਿਤਕ ਕਰਮਚਾਰੀ ਦੇ ਵਾਰਸ ਨੂੰ ਤਰਸ ਦੇ ਆਧਾਰ ਤੇ ਨੋਕਰੀ ਤੇ ਰੱਖਣ ਲਈ ਕੇਸ ਸਬ ਕਮੇਟੀ ਵੱਲੋਂ ਮੀਟਿੰਗ ਵਿੱਚ ਵਿਚਾਰਿਆ ਗਿਆ। ਸਬ-ਕਮੇਟੀ ਵੱਲੋਂ ਫੈਸਲਾ ਲਿਆ ਗਿਆ ਕਿ ਸਰਕਾਰ ਦੇ ਪੱਤਰ ਨੰਬਰ 31/2011/5 ਐਫ.ਈ. - 1/301 ਮਿਤੀ 21.02.2011 ਦੇ ਪੱਤਰ ਵਿੱਚ ਦਰਜ਼ ਹਦਾਇਤਾਂ ਅਨੁਸਾਰ ਉਮੀਦਵਾਰ ਨੋਕਰੀ ਦੇ ਯੋਗ ਹੈ ਜਾਂ ਨਹੀਂ, ਇਸ ਸਬੰਧੀ ਸਪਸ਼ਟ ਤੋਰ ਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਪਾਸੋਂ ਰਿਪੋਰਟ ਕੀਤੀ ਜਾਵੇ। ਇਸ ਤੋਂ ਇਲਾਵਾ ਵਾਰਸਾਂ ਸਬੰਧੀ ਪੇਸ਼ ਹਲਫੀਆ ਬਿਆਨ ਵੀ ਸੀਵਰੇ ਬੋਰਡ ਦੇ ਅਧਿਕਾਰੀਆਂ ਪਾਸੋਂ ਵੈਰੀਫਾਈ ਕਰਨ ਉਪਰੰਤ ਰਿਪੋਰਟ ਕੀਤੀ ਜਾਵੇ। ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 1, ਬਠਿੰਡਾ ਨੂੰ ਇਸ ਦਫਤਰ ਦੇ ਪੱਤਰ ਨੰ: 1348 ਏ ਮਿਤੀ 28.03.2018 ਰਾਹੀਂ ਸਬ ਕਮੇਟੀ ਵੱਲੋਂ ਲਏ ਗਏ ਫੈਸਲੇ ਮੁਤਾਬਿਕ ਰਿਪੋਰਟ ਕਰਨ ਲਈ ਪੱਤਰ ਲਿਖਿਆ ਗਿਆ। ਉਹਨਾਂ ਨੇ ਆਪਣੇ ਪੱਤਰ ਨੰ: 1106 ਮਿਤੀ 09.04.2018 ਰਾਹੀਂ ਲਿਖਿਆ ਕਿ ਸ਼੍ਰੀ ਰਮੇਸ਼ ਸੀਵਰਮੈਨ ਪੁੱਤਰ ਸ਼੍ਰੀ ਭੀਖੂ ਰਾਮ, ਨਗਰ ਨਿਗਮ ਦਾ ਕਰਮਚਾਰੀ ਸੀ। ਇਸ ਲਈ ਮ੍ਰਿਤਕ ਦੇ ਵਾਰਸ ਨੂੰ ਨੋਕਰੀ ਦੇਣ ਸਬੰਧੀ ਕਾਰਵਾਈ ਨਗਰ ਨਿਗਮ ਬਠਿੰਡਾ ਵੱਲੋਂ ਕੀਤੀ ਜਾਣੀ ਹੈ। ਜਿੱਥੋਂ ਤੱਕ ਵਾਰਸਾਂ ਦੇ ਹਲਫੀਆ ਬਿਆਂਨ ਤਸਦੀਕ ਕਰਨ ਦਾ ਸਬੰਧ ਹੈ, ਇਸ ਵਿੱਚ ਤਾਰਾ ਦੇਵੀ ਪੁੱਤਰੀ ਸ਼੍ਰੀ ਰਮੇਸ਼ ਅਤੇ ਸ਼੍ਰੀ ਵੀਰਪਾਲ ਪੁੱਤਰ ਸ਼੍ਰੀ ਰਮੇਸ਼ ਦੇ ਹਲਫੀਆ ਬਿਆਨ ਕਾਰਜਕਾਰੀ ਮੈਜਿਸਟਰੇਟ ਬਠਿੰਡਾ ਪਾਸੋਂ ਤਸਦੀਕ ਹੋਏ ਹਨ। ਪਰੰਤੂ ਸ਼੍ਰੀ ਰਾਜਪਾਲ ਪੁੱਤਰ ਸ਼੍ਰੀ ਰਮੇਸ਼ ਅਤੇ ਸ਼੍ਰੀਮਤੀ ਸੁਨੀਤਾ ਪੁੱਤਰੀ ਸ਼੍ਰੀ ਰਮੇਸ਼ ਦੇ ਹਲਫੀਆ ਬਿਆਨ ਕਾਰਜਕਾਰੀ ਮੈਜਿਸਟਰੇਟ ਪਾਸੋਂ ਤਸਦੀਕ ਕਰਵਾਉਣ ਦੀ ਲੋੜ ਹੈ ਜੀ। ਪਰੰਤੂ ਉਹਨਾਂ ਵੱਲੋਂ ਉਮੀਦਵਾਰ ਨੋਕਰੀ ਦੇ ਯੋਗ ਹੈ ਜਾਂ ਨਹੀਂ ਇਸ ਬਾਰੇ ਕੋਈ ਰਿਪੋਰਟ ਨਹੀਂ ਕੀਤੀ। ਦੁਬਾਰਾ ਫਿਰ ਇਸ ਦਫਤਰ ਦੇ ਪੱਤਰ ਨੰਬਰ 1425 ਏ ਮਿਤੀ 20.04.2018 ਰਾਹੀਂ ਨੋਕਰੀ ਦੇ ਯੋਗ ਹੈ ਜਾਂ ਨਹੀਂ ਅਤੇ ਹਲਫੀਆ ਬਿਆਨ ਵੈਰੀਫਾਈ ਕਰਨ ਲਈ ਲਿਖਿਆ ਗਿਆ। ਉਨ੍ਹਾਂ ਨੇ ਆਪਣੇ ਪੱਤਰ ਨੰ: 1298 ਮਿਤੀ 25.04.20148 ਰਾਹੀਂ ਲਿਖਿਆ ਕਿ ਮ੍ਰਿਤਕ ਦੇ ਵਾਰਸਾਂ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਸਬੰਧੀ ਕਾਰਵਾਈ ਨਗਰ ਨਿਗਮ ਬਠਿੰਡਾ ਵੱਲੋਂ ਸਰਕਾਰੀ ਹਦਾਇਤਾਂ /

ਸਥਾਨਕ ਸਰਕਾਰ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਕੀਤੀ ਜਾਣੀ ਹੈ। ਇਸ ਦੇ ਸਬੰਧ ਵਿੱਚ ਬਿਨੈਕਾਰ ਦੀ ਨੋਕਰੀ ਲਈ ਯੋਗ ਹੋਣ ਜਾਂ ਨਾ ਹੋਣ ਸਬੰਧੀ ਇਸ ਦਫਤਰ ਵੱਲੋਂ ਕੋਈ ਕਾਰਵਾਈ ਕੀਤੀ ਜਾਣੀ ਨਹੀਂ ਬਣਦੀ। ਜਿੱਥੋਂ ਤੱਕ ਮ੍ਰਿਤਕ ਦੇ ਵਾਰਸਾਂ ਦੇ ਹਲਫੀਆ ਬਿਆਨ ਵੈਰੀਫਾਈ ਕਰਨ ਦਾ ਸਬੰਧ ਹੈ ਇਹ ਇੱਕ ਕਾਨੂੰਨੀ ਮਾਮਲਾ ਹੈ। ਇਸ ਸਬੰਧੀ ਵੀ ਇਸ ਦਫਤਰ ਵੱਲੋਂ ਕੋਈ ਕਾਰਵਾਈ ਕੀਤੀ ਜਾਣੀ ਨਹੀਂ ਬਣਦੀ ਹੈ ਜੀ। ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਮੁਤਾਬਿਕ ਹਲਫੀਆ ਬਿਆਨ ਕਾਰਜਕਾਰੀ ਮੈਜਿਸਟਰੇਟ ਵੱਲੋਂ ਤਸਦੀਕ ਕਰਵਾਉਣ ਲਈ ਮ੍ਰਿਤਕ ਦੇ ਵਾਰਸਾਂ ਨੂੰ ਦਿੱਤੇ ਗਏ। ਉਹਨਾਂ ਵੱਲੋਂ 4 ਨੰਬਰ ਹਲਫੀਆ ਬਿਆਨ ਮਿਤੀ 23.05.2018 ਨੂੰ ਕਾਰਜਕਾਰੀ ਮੈਜਿਸਟਰੇਟ ਬਠਿੰਡਾ ਪਾਸੋਂ ਨਵੇਂ ਬਣਵਾ ਕੇ ਤਸਦੀਕ ਕਰਵਾ ਦਿੱਤੇ ਹਨ। ਸਬ-ਕਮੇਟੀ ਵੱਲੋਂ ਮੰਗਏ ਗਏ ਸਰਕਾਰ ਦੇ ਪੱਤਰ ਨੰ: 31/2011/5 ਐਫ.ਈ. - 1/301 ਮਿਤੀ 21.02.2011 ਦੀ ਕਾਪੀ ਪੇਸ਼ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਸ਼੍ਰੀ ਰਾਜਪਾਲ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇ ਕਾਬਲ ਹੈ ਜਾਂ ਨਹੀਂ, ਜਾਣਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਉਕਤ ਸਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਵਿੱਚ ਲਏ ਫੈਸਲੇ ਅਨੁਸਾਰ ਅਮਲਾ ਸੁਪਰਡੈਂਟ ਨੂੰ ਕਿਹਾ ਗਿਆ ਸੀ ਕਿ ਉਹ ਹਦਾਇਤਾਂ ਪੇਸ਼ ਕਰੇ ਕਿ ਕਿੰਨੇ ਪ੍ਰਤੀਸ਼ਤ ਹੈਂਡੀਕੈਪ ਨੂੰ ਸੀਵਰਮੈਨ ਦੀ ਨੋਕਰੀ ਦਿੱਤੀ ਜਾ ਸਕਦੀ ਹੈ? ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ। ਇਸ ਉਪਰੰਤ ਮਿਤੀ 14.12.2018 ਵਿੱਚ ਲਏ ਫੈਸਲੇ ਅਨੁਸਾਰ "ਉਮੀਦਵਾਰ ਨੋਕਰੀ ਦੇ ਯੋਗ ਹੈ ਜਾਂ ਨਹੀਂ, ਇਸ ਸਬੰਧੀ ਸਬੰਧਤ ਮਹਿਕਮੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕੋਈ ਵੀ ਰਿਪੋਰਟ ਨਹੀਂ ਕੀਤੀ ਗਈ। ਇਸ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ।**

**ਕੇਸ ਮੁੜ ਤੋਂ ਸਬ-ਕਮੇਟੀ ਦੇ ਵਿਚਾਰ ਹਿੱਤ।**

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਇਸ ਸਬੰਧੀ ਮੌਕੇ ਤੇ ਮੋਜੂਦ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਨੂੰ ਪੁੱਛਿਆ ਗਿਆ ਕਿ ਹਦਾਇਤਾਂ ਅਨੁਸਾਰ ਹੈਂਡੀਕੈਪ ਵਿਅਕਤੀ ਤੋਂ ਸੀਵਰਮੈਨ ਦਾ ਕੰਮ ਲਿਆ ਜਾ ਸਕਦਾ ਹੈ? ਉਹਨਾਂ ਦਸਿਆ ਕਿ ਹੈਂਡੀਕੈਪ ਵਿਅਕਤੀ ਤੋਂ ਸੀਵਰਮੈਨ ਦਾ ਕੰਮ ਨਹੀਂ ਲਿਆ ਜਾ ਸਕਦਾ। ਇਸ ਲਈ ਸਬ-ਕਮੇਟੀ ਸਿਫਾਰਸ਼ ਕਰਦੀ ਹੈ ਕਿ ਦਰਖਾਸਤਕਰਤਾ ਨੂੰ ਕੈਡਰ ਬਦਲ ਕੇ ਸੇਵਾਦਾਰ ਦੀ ਆਸਾਮੀ ਤੇ ਰੱਖਿਆ ਜਾਵੇ।** |

**4:**

ਇਸ ਮੌਕੇ ਸ਼੍ਰੀ ਰਾਹੁਲ ਪੁੱਤਰ ਸ਼੍ਰੀ ਸੁਰੇਸ਼ ਕੁਮਾਰ, ਸੀਵਰਮੈਨ ਨੇ ਪੇਸ਼ ਹੋ ਕੇ ਬੇਨਤੀ ਕੀਤੀ ਕਿ ਉਸਨੂੰ ਦਫਤਰੀ ਹੁਕਮ ਨੰਬਰ 143 ਮਿਤੀ 29.08.2016 ਰਾਹੀਂ ਤਰਸ ਦੇ ਆਧਾਰ ਤੇ ਬਤੌਰ ਸੀਵਰਮੈਨ ਨਿਯੁਕਤ ਕੀਤਾ ਗਿਆ ਸੀ। ਹੁਕਮਾਂ ਦੀ ਪਾਲਣਾ ਕਰਦੇ ਹੋਏ ਉਸਨੇ ਮਿਤੀ 01.09.2016 ਨੂੰ ਡਿਊਟੀ ਤੇ ਹਾਜ਼ਰ ਹੋ ਗਿਆ ਸੀ। ਉਸਨੇ ਬੇਨਤੀ ਕੀਤੀ ਕਿ ਉਹ ਬੀ.ਏ. ਪਾਸ ਹੈ ਅਤੇ ਕੰਪਿਊਟਰ ਦਾ ਕੰਮ ਸਿੱਖ ਰਿਹਾ ਹੈ। ਉਹ ਦਫਤਰੀ ਕੰਮਾਂ ਵਿੱਚ ਰੂਚੀ ਰੱਖਦਾ ਹੈ ਅਤੇ ਆਪਣਾ ਕੰਮ ਤਸੱਲੀਬਖਸ਼ ਕਰੇਗਾ। ਉਸਨੇ ਇਹ ਵੀ ਕਿਹਾ ਕਿ ਕਿਸੇ ਵੀ ਅਧਿਕਾਰੀ ਨੂੰ ਉਸਤੋਂ ਕੋਈ ਸ਼ਿਕਾਇਤ ਨਹੀਂ ਹੈ। ਉਸਨੇ ਆਪਣਾ ਕੈਡਰ ਬਦਲ ਕੇ ਸੇਵਾਦਾਰ ਕਰਨ ਦੀ ਬੇਨਤੀ ਕੀਤੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਕਰਮਚਾਰੀ ਦਾ ਸੀਵਰਮੈਨ ਤੋਂ ਕੈਡਰ ਬਦਲ ਕੇ ਸੇਵਾਦਾਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

ਇਸ ਮੱਦ ਨੂੰ ਮਤਾ ਨੰਬਰ 25 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੱੜ ਤੋਂ ਸਬ-ਕਮੇਟੀ ਦੀ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 52 :** | **ਪ੍ਰਵਾਨ ਹੈ।**<br>**ਮਜ਼ੀਦ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਸਬੰਧੀ ਤਨਖਾਹ ਦਾ ਖਰਚਾ ਦੇਣਾ ਪਾਸ ਕੀਤਾ ਜਾਂਦਾ ਹੈ।** |

**ਏਜੰਡਾ ਨੰਬਰ 16:**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸਬ-ਕਮੇਟੀ ਦੀ ਮੀਟਿੰਗ ਮਿਤੀ 08.07.2019 ਨੂੰ ਸਵੇਰੇ 11.00 ਵਜੇ ਨਗਰ ਨਿਗਮ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕੀਤਾ ਗਿਆ :-

**1:**

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਵੱਲੋਂ ਮਤਾ ਨੰ: 101 ਮਿਤੀ 21.12.2018 ਰਾਹੀਂ ਸੈਨਟਰੀ ਸੁਪਰਵਾਈਜ਼ਰਾਂ ਦੀਆਂ 4 ਆਸਾਮੀਆਂ ਦੀ ਰਚਨਾ ਕਰਨਾ ਪਾਸ ਕੀਤਾ ਸੀ। ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-19/8445 ਮਿਤੀ 12.02.2019 ਅਤੇ ਪੱਤਰ ਨੰ: ਸ5-ਡਸਸ-ਮਸਸ-19/10435 ਮਿਤੀ 26.02.2019 ਰਾਹੀਂ 4 ਕਰਮਚਾਰੀਆਂ ਦੀ ਰਚਨਾ ਕਰਨਾ ਪਾਸ ਕੀਤਾ ਗਿਆ ਸੀ। ਇਸ ਨਗਰ ਨਿਗਮ ਵਿਖੇ ਸੈਨਟਰੀ ਸੁਪਰਵਾਇਜ਼ਿਰਾਂ ਦੀਂ 12 ਆਸਾਮੀਆਂ ਹੋ ਗਈਆਂ ਹਨ। ਇਸ ਅਨੁਸਾਰ ਦਫਤਰ ਵੱਲੋਨ ਸਮੂਹ ਬਰਾਂਚ ਇੰਚਾਰਜ਼ਾਂ ਨੂੰ ਲਿਖਿਆ ਗਿਆ ਸੀ ਕਿ ਉਹਨਾਂ ਅਧੀਨ ਕੰਮ ਕਰਦੇ ਦਰਜ਼ਾ-4 ਕਰਮਚਾਰੀ, ਜਿੰਨ੍ਹਾਂ ਨੇ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ ਪਾਸ ਕੀਤਾ ਹੋਵੇ, ਉਹ 3 ਦਿਨਾਂ ਦੇ ਅੰਦਰ-ਅੰਦਰ ਅਪਲਾਈ ਕਰਨ। ਇਸ ਅਨੁਸਾਰ 4 ਕਰਮਚਾਰੀਆ ਵੱਲੋਂ ਦਰਖਾਸਤ ਦਿੱਤੀ ਗਈ ਹੈ:-

| ਲੜੀ ਨੰ: | ਨਾਮ | ਅਹੁੱਦਾ | ਜੁਆਇਨਿੰਗ ਮਿਤੀ | ਜਨਮ ਮਿਤੀ | ਯੋਗਤਾ | S.I. ਡਿਪਲੋਮਾ ਕੋਰਸ ਪਾਸ ਕਰਨ ਦੀ ਮਿਤੀ |
|---|---|---|---|---|---|---|
| 1 | ਸ਼੍ਰੀ ਰਾਜਿੰਦਰ ਸਿੰਘ | ਸੇਵਾਦਾਰ | 11.04.1995 | 25.07.1971 | ਮੈਟ੍ਰਿਕ | 31.07.2018 |
| 2 | ਸ਼੍ਰੀ ਸੰਨੀ ਕੁਮਾਰ | ਸਫਾਈ ਸੇਵਕ | 17.12.2011 | 06.06.1987 | ਬਾਰਵੀਂ | 31.07.2018 |
| 3 | ਸ਼੍ਰੀਮਤੀ ਰਮਨਜੋਤ ਕੋਰ | ਸੇਵਾਦਾਰ | 20.12.2012 | 05.12.1994 | ਬੀ.ਏ. | 09.08.2017 |
| 4 | ਸ਼੍ਰੀ ਰਮੇਸ਼ ਕੁਮਾਰ | ਮਾਲੀ | 31.05.2013 | 07.10.1986 | ਬਾਰਵੀ | 05.03.2018 |

ਇਸ ਤੋਂ ਇਲਾਵਾ ਦਸਿਆ ਜਾਂਦਾ ਹੈ ਕਿ ਪਹਿਲਾਂ ਜੋ ਸੁਪਰਵਾਇਜ਼ਰਾਂ ਦੀਆਂ ਆਸਾਮੀਆਂ ਭਰੀਆਂ ਗਈਆਂ ਸਨ, ਉਹ ਪ੍ਰਮੋਸ਼ਨ ਦੇ ਆਧਾਰ ਤੇ ਭਰੀਆਂ ਗਈਆਂ ਸਨ। ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨੇ ਰਿਪੋਰਟ ਕੀਤੀ ਹੈ ਕਿ ਸੈਨਟਰੀ ਸੁਪਰਵਾਇਜ਼ਰ ਦੀ ਆਸਾਮੀ ਲਈ ਕੋਈ ਸਰਵਿਸ ਰੂਲ ਨਹੀਂ ਬਣੇ ਹੋਏ ਹਨ। ਇਸ ਸਬੰਧੀ ਕੋਈ ਵੇਰਵਾ ਦਰਜ਼ ਨਹੀ ਹੈ ਕਿ ਇਹ ਆਸਾਮੀ 100% ਕੋਟੇ ਰਾਹੀਂ ਬਰੀ ਜਾ ਸਕਦੀ ਹੈ ਜਾਂ ਨਹੀਂ। ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਰਾਏ ਲਈ ਫਾਇਲ ਕਾਨੂੰਨੀ ਸਲਾਹਕਾਰ ਪਾਸ ਭੇਜੀ ਗਈ ਸੀ। ਕਾਨੂੰਨੀ ਸਲਾਹਕਾਰ ਪਾਸੋਂ ਆਪਣੀ ਰਾਏ ਮਿਤੀ 05.03.2018 ਰਾਹੀਂ ਲਿਖਿਆ ਗਿਆ ਸੀ ਕਿ ਕਿਉਂ ਜੋ ਕੋਈ ਸਰਵਿਸ ਰੂਲ ਨਹੀਂ ਬਣੇ ਹੋਏ ਹਨ, ਇਸ ਲਈ ਸਮੱਰਥ ਅਥਾਰਟੀ ਨਗਰ ਨਿਗਮ ਹੈ। ਇਸ ਲਈ ਹੁਣ ਵੀ ਹਾਊਸ ਨਗਰ ਨਿਗਮ ਵੱਲੋਂ ਫੈਸਲਾ ਕੀਤਾ ਜਾ ਸਕਦਾ ਹੈ ਕਿ ਇਹ ਆਸਾਮੀਆਂ ਪ੍ਰਮੋਸ਼ਨ ਕੋਟੇ ਰਾਹੀਂ ਭਰੀਆਂ ਜਾਣੀਆਂ ਹਨ, ਜਾਂ ਡਾਇਰੈਕਟ ਕੋਟੇ ਰਾਹੀਂ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "The DCFA has informed that there are no rules for the appointment/ promotion of Sanitary Supervisor and House is competent authority to take final decision in this regard. He has also confirmed that there are total 12 posts of Sanitary Supervisors, out of these 4 posts are lying vacant. So, these 4 posts can be filled by promotion of applicants. Promotion may be considered after expiry of MCC".

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ ਮਿਤੀ 08.07.2019:** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

ਇਸ ਮੱਦ ਨੂੰ ਮਤਾ ਨੰਬਰ 26 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 53 :** | **ਪ੍ਰਵਾਨ ਹੈ। ਇਸ ਸਬੰਧੀ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।** |

**ਏਜੰਡਾ ਨੰਬਰ 17:**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸਬ-ਕਮੇਟੀ ਦੀ ਮੀਟਿੰਗ ਮਿਤੀ 08.08.2019 ਨੂੰ ਸਵੇਰੇ 11.00 ਵਜੇ ਨਗਰ ਨਿਗਮ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕੀਤਾ ਗਿਆ :-

**1:**

ਦਫਤਰੀ ਰਿਪੋਰਟ ਕਿ ਨਗਰ ਨਿਗਮ ਵੱਲੋਂ 20 ਡਾਟਾ ਐਂਟਰੀ ਆਪਰੇਟਰ-ਕਮ-ਕਲੱਰਕ, 01 ਸਕਿਊਰਟੀ ਸੁਪਰਵਾਇਜ਼ਰ, 08 ਸਕਿਊਰਟੀ ਗਾਰਡ, 07 ਡਰਾਈਵਰ ਆਉਟਸੋਰਸ ਤੇ ਲਏ ਹੋਏ ਸਨ। ਇੰਨ੍ਹਾ ਦੀ ਮਿਆਦ ਮਿਤੀ 31.05.2019 ਨੂੰ ਖਤਮ ਹੋ ਰਹੀ ਹੈ। ਨਗਰ ਨਿਗਮ ਵਿਖੇ ਰੈਗੂਲਰ ਸਟਾਫ ਨਾ ਹੋਣ ਕਰਕੇ ਇਸ ਸਟਾਫ ਦੀ ਅਤਿ ਜਰੂਰਤ ਹੈ। ਇਕ ਕਰਮਚਾਰੀ ਤੇ ਤਕਰੀਬਨ 16000/- ਰੁਪਏ ਪ੍ਰਤੀ ਮਹੀਨਾ ਖਰਚਾ ਆਉਂਦਾ ਹੈ। ਇੰਨ੍ਹਾਂ ਤੇ ਇੱਕ ਸਾਲ ਦਾ ਖਰਚਾ ਤਕਰੀਬਨ 72.00 ਲੱਖ ਰੁਪਏ ਹੋਵੇਗਾ। ਇਸ ਸਟਾਫ ਦੀ ਮਿਆਦ ਇੱਕ ਸਾਲ (ਮਿਤੀ 01.06.2019 ਤੋਂ 31.05.2020) ਤੱਕ ਵਧਾਉਣ ਸਬੰਧੀ ਰਿਪੋਰਟ ਕੀਤੀ ਗਈ ਹੈ। ਇਸ ਸਬੰਧੀ ਅਮਲਾ ਕਲੱਰਕ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਫਿਲਹਾਲ ਤਿੰਨ ਮਹੀਨੇ ਲਈ ਵਾਧਾ ਕੀਤਾ ਜਾਵੇ। ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਇਸ ਸਬੰਧੀ ਨਗਰ ਨਿਗਮ ਦੇ ਕਾਨੂੰਨੀ ਸਲਾਹਕਾਰ ਸ਼੍ਰੀ ਅਨਿਲ ਗੁਪਤਾ ਨਾਲ ਵਿਚਾਰ ਵਟਾਂਦਰਾ ਹੋਇਆ। ਉਹਨਾਂ ਕਿਹਾ ਕਿ ਇਹ ਇੱਕ ਪ੍ਰਬੰਧਕੀ ਮਾਮਲਾ ਹੈ। ਇਸ ਵਿੱਚ ਕੋਈ Legal angle ਨਹੀਂ ਹੈ। ਕਿਉਂ ਜੋ ਉਕਤ ਆਉਟਸੋਰਸ ਤੇ ਰੱਖੇ ਕਰਮਚਾਰੀਆਂ ਦੀ ਮਿਆਦ ਮਿਤੀ 31.05.2019 ਨੂੰ ਖਤਮ ਹੋ ਰਹੀ ਹੈ ਅਤੇ ਇੰਨ੍ਹਾਂ ਕਰਮਚਾਰੀਆਂ ਦੀ ਦਫਤਰ ਵਿਖੇ ਅਜੇ ਲੋੜ੍ਹ ਹੈ, ਇਸ ਲਈ ਇਹਨਾਂ ਦੀ ਮਿਆਦ ਮਿਤੀ 01.06.2019 ਤੋ 3 ਮਹੀਨੇ ਮਿਤੀ 31.08.2019 ਤੱਕ ਵਧਾਉਣ ਲਈ ਕੇਸ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ:** **ਪਾਸ ਕੀਤਾ ਜਾਂਦਾ ਹੈ ਕਿ ਨਿਗਮ ਵਿਖੇ ਸਟਾਫ ਦੀ ਘਾਟ ਨੂੰ ਦੇਖਦੇ ਹੋਏ ਪੈਸਕੋ ਰਾਹੀਂ ਰੱਖੇ ਕਰਮਚਾਰੀਆਂ ਵਿੱਚੋਂ ਸ਼੍ਰੀ ਮੋਹਿਤ ਕੁਮਾਰ, ਸ਼੍ਰੀਮਤੀ ਜਸਵੀਰ ਕੋਰ, ਸ਼੍ਰੀਮਤੀ ਲਵਲੀਨ ਕੋਰ ਅਤੇ ਸ਼੍ਰੀ ਗਗਨਦੀਪ ਦਾਨੀਆ, ਡਾਟਾ ਐਂਟਰੀ ਆਪਰੇਟਰਾਂ ਨੂੰ ਛੱਡ ਕੇ ਬਾਕੀ ਦੇ ਕਰਮਚਾਰੀਆਂ ਦੀ ਮਿਆਦ ਮਿਤੀ 01.06.2019 ਤੋਂ 31.05.2020 ਤੱਕ ਵਧਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਕਤ ਚਾਰ ਕਰਮਚਾਰੀਆਂ ਦੇ ਕੰਮ ਦੀ ਵਿਸਥਾਰਪੂਰਵਕ ਡਿਟੇਲ ਅਤੇ ਇਹਨਾਂ ਦੀ ਵਿਦਿਅਕ ਯੋਗਤਾ ਸਬ-ਕਮੇਟੀ ਦੀ ਅਗਲੀ ਮੀਟਿੰਗ ਵਿੱਚ ਭੇਜੀ ਜਾਵੇ।ਭੱਵਿਖ ਵਿੱਚ ਕੋਈ ਵਿੱਤੀ ਦਿੱਕਤ ਨਾ ਆਵੇ, ਇਸ ਲਈ ਖਰਚਾ 20 ਕਰਮਚਾਰੀਆਂ ਦਾ ਹੀ ਪਾਸ ਕੀਤਾ ਜਾਂਦਾ ਹੈ।**

**2:**

ਮੀਟਿੰਗ ਵਿੱਚ ਸ਼੍ਰੀ ਰਬਿੰਦਰ ਕੁਮਾਰ ਸਿੰਗਲਾ, ਰਿਟ: ਨਿਗਮ ਇੰਜੀਨੀਅਰ ਵੱਲੋਂ ਪੇਸ਼ ਹੋ ਕੇ ਬੇਨਤੀ ਕੀਤੀ ਕਿ ਉਹ ਨਗਰ ਨਿਗਮ, ਬਠਿੰਡਾ ਤੋਂ ਮਿਤੀ 28.02.2019 ਨੂੰ ਰਿਟਾਇਰ ਹੋਏ ਹਨ। ਉਸਨੂੰ ਗਰੈਚੁੱਟੀ ਅਤੇ ਲੀਵ ਇਨਕੈਸ਼ਮੈਂਟ ਦੀ ਪਾਰਟ ਅਦਾਇਗੀ ਕੀਤੀ ਗਈ ਹੈ। ਉਸਦੀ ਗਰੈਚੁੱਟੀ 4,88,863/- ਰੁਪਏ ਅਤੇ ਲੀਵ ਇਨਕੈਸ਼ਮੈਂਟ ਦੀ 6,16,759/- ਰੁਪਏ ਬਕਾਇਆ ਰਹਿੰਦੀ ਹੈ। ਉਹ ਪਹਿਲਾਂ ਹੀ ਲਿਖਤੀ ਅਤੇ ਜੁਬਾਨੀ ਤੋਰ ਤੇ ਕਈ ਵਾਰ ਬੇਨਤੀ ਕਰ ਚੁੱਕੇ ਹਨ। ਉਸਨੂੰ ਪਰਿਵਾਰਕ ਜਿੰਮੇਵਾਰੀਆਂ ਨਿਭਾਉਣ ਲਈ ਇਸ ਰਕਮ ਦੀ ਬਹੁਤ ਜਿਆਦਾ ਜਰੂਰਤ ਹੈ। ਇਹ ਭੁਗਤਾਨ ਨਾ ਹੋਣ ਕਰਕੇ ਉਹ ਪਰਿਵਾਰਕ ਜਿੰਮੇਵਾਰੀਆਂ ਨਿਭਾਉਣ ਵਿੱਚ ਅਸਮਰਥ ਹੋਣ ਕਰਕੇ ਦਿਮਾਗੀ ਤੋਰ ਤੇ ਪਰੇਸ਼ਾਨ ਹੋ ਰਿਹਾ ਹੈ। ਮਾਨਯੋਗ ਸੁਪਰੀਮ ਕੋਰਟ ਦੇ ਫੈਸਲਿਆਂ ਅਤੇ ਸਰਕਾਰ ਦੀਆਂ ਗਾਇਡਲਾਇਨਜ਼ ਅਨੁਸਾਰ ਪੈਨਸ਼ਨਰੀ ਲਾਭ ਨਾ ਤਾਂ ਰੋਕੇ ਜਾ ਸਕਦੇ ਹਨ ਅਤੇ ਨਾ ਹੀ ਲੇਟ ਕੀਤੇ ਜਾ ਸਕਦੇ ਹਨ। ਇਹ ਲਾਭ ਜਾਇਦਾਦ ਦੇ ਹੱਕ ਦੀ ਤਰ੍ਹਾਂ ਹੁੰਦੇ ਹਨ। ਪੰਜਾਬ ਦੀਆਂ ਬਾਕੀ ਨਗਰ ਨਿਗਮਾਂ ਵਿੱਚ ਉਸਦੀ ਤਰ੍ਹਾਂ ਦੇ ਕੇਸਾਂ ਵਿੱਚ ਪੂਰੀ ਅਦਾਇਗੀ ਨਗਰ ਨਿਗਮ ਵੱਲੋਂ ਹੀ ਸੇਵਾ ਮੁਕਤੀ ਸਮੇਂ ਕੀਤੀ ਜਾ ਰਹੀ ਹੈ, ਜਿਸਦੀ ਇਕ ਉਦਾਹਰਣ ਸ਼੍ਰੀ ਸਤਨਾਮ ਸਿੰਘ, ਨਿਗਮ ਇੰਜੀਨੀਅਰ, ਨਗਰ ਨਿਗਮ ਜਲੰਧਰ ਦੇ ਫੰਡਾਂ ਵਿੱਚੋਂ ਕੀਤੀ ਗਈ ਹੈ। ਮਿਉਂਸਪਲ ਡਾਇਜੈਸਟ ਦੇ ਪੰਨਾ ਨੰਬਰ 140 ਉਪਰ ਸਾਫ ਲਿਖਿਆ ਹੈ ਕਿ ਮਿਉਂਸਪਲ ਇੰਪਲਾਈਜ਼ ਨੂੰ ਇਹ ਅਦਾਇਗੀ ਸੇਵਾ ਮੁਕਤੀ ਸਮੇਂ ਮਿਉਂਸਪਲ ਫੰਡਾਂ ਵਿੱਚੋਂ ਕੀਤੀ ਜਾਣੀ ਹੈ। ਉਹਨਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਨੂੰ ਇਹ ਅਦਾਇਗੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਦਿੱਤੇ ਜਾਣ ਵਾਲੇ ਫੰਡਾਂ ਵਿੱਚੋਂ ਕੱਟ ਕੇ ਕੀਤੀ ਜਾਵੇ। ਸ਼੍ਰੀ ਰਬਿੰਦਰ ਕੁਮਾਰ ਸਿੰਗਲਾ ਦੀ ਮੁਢਲੀ ਸਰਵਿਸ ਲਗਭਗ 19 ਸਾਲ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਵਿਖੇ ਸੀ ਅਤੇ ਉਸਤੋਂ ਬਾਦ ਇਹ ਸਥਾਨਕ ਸਰਕਾਰ ਵਿੱਚ ਮਰਜ਼ ਹੋ ਗਿਆ ਸੀ। ਸਥਾਨਕ ਸਰਕਾਰਾਂ ਵਿੱਚ ਆਉਣ ਤੋਂ ਬਾਦ ਇਹ ਨਗਰ ਨਿਗਮ ਲੁਧਿਆਣਾ, ਨਗਰ ਨਿਗਮ ਮੋਗਾ ਅਤੇ ਨਗਰ ਨਿਗਮ, ਅੰਮ੍ਰਿਤਸਰ ਵਿਚ ਤੈਨਾਤ ਸੀ। ਨਗਰ ਨਿਗਮ ਬਠਿੰਡਾ ਵੱਲੋਂ ਰਿਟਾਇਰਮੈਂਟ ਸਮੇਂ ਸਮੂਹ ਸਥਾਨਕ ਸਰਕਾਰਾਂ ਦੇ ਹਿੱਸੇ ਦੀ ਅਦਾਇਗੀ ਕਰ ਦਿੱਤੀ ਗਈ ਸੀ। ਸੀਵਰੇਜ਼ ਬੋਰਡ ਇਕ ਵੱਖਰਾ ਵਿਭਾਗ ਹੈ। ਇਸ ਲਈ ਇਸਦੀ ਅਦਾਇਗੀ ਨਹੀਂ ਕੀਤੀ ਜਾ ਸਕੀ।

ਉਹਨਾਂ ਸਬ-ਕਮੇਟੀ ਦੀ ਮੀਟਿੰਗ ਵਿੱਚ ਨਿੱਜੀ ਤੋਰ ਤੇ ਪੇਸ਼ ਹੋ ਕੇ ਉਕਤ ਅਦਾਇਗੀ ਕਰਨ ਦੀ ਬੇਨਤੀ ਕੀਤੀ।

**ਸਬ-ਕਮੇਟੀ ਦਾ ਫੈਸਲਾ:** **ਸਬ-ਕਮੇਟੀ ਵੱਲੋਂ ਪਾਸ ਕੀਤਾ ਗਿਆ ਕਿ ਇੱਕ ਰਿਟਾਇਰ ਅਧਿਕਾਰੀ ਦੀ ਮੁਸ਼ਕਿਲ ਨੂੰ ਦੇਖਦੇ ਹੋਏ ਇਹ ਰਕਮ ਤਿੰਨ ਕਿਸ਼ਤਾਂ ਵਿੱਚ ਸੀਵਰੇਜ਼ ਬੋਰਡ ਨੂੰ ਕੀਤੀ ਜਾਣ ਵਾਲੀ ਅਦਾਇਗੀ ਵਿੱਚੋਂ ਕੱਟ ਕੇ ਸ਼੍ਰੀ ਰਬਿੰਦਰ ਕੁਮਾਰ ਸਿੰਗਲਾ, ਰਿਟ: ਨਿਗਮ ਇੰਜੀਨੀਅਰ ਨੂੰ ਬਣਦੀ ਅਦਾਇਗੀ ਕਰ ਦਿੱਤੀ ਜਾਵੇ।**

**3:**

ਦਫਤਰੀ ਰਿਪੋਰਟ ਕਿ ਵੱਖ-ਵੱਖ ਬਰਾਂਚਾ ਦੇ ਲੋੜੀਂਦੇ ਸਟਾਫ ਦੀ ਪਰ-ਪੂਰਤੀ ਲਈ ਪੱਤਰ ਨੰਬਰ 2027 ਮਿਤੀ 01.07.2019 ਰਾਹੀਂ ਸੂਚਨਾਂ ਮੰਗੀ ਗਈ ਸੀ। ਪ੍ਰਾਪਰਟੀ ਟੈਕਸ ਬਰਾਂਚ ਵੱਲੋਂ 8 ਕਲੱਰਕਾਂ ਦੀ ਹੋ ਮੰਗ ਕੀਤੀ ਗਈ ਹੈ। ਨਗਰ ਨਿਗਮ ਦਫਤਰ ਵਿਖੇ ਕਲੱਰਕਾਂ ਦੀਆਂ 76 ਪੋਸਟਾਂ ਪ੍ਰਵਾਨਤ ਹਨ, ਜਿੰਨ੍ਹਾਂ ਵਿੱਚੋਂ 22 ਆਸਾਮੀਆਂ ਪੁਰ ਹਨ। ਜਿਸ ਵਿੱਚੋਂ 15% ਦੇ ਹਿਸਾਬ ਨਾਲ 12 ਆਸਾਮੀਆਂ ਤਰੱਕੀ ਕੋਟੇ ਦੀਆਂ ਬਣਦੀਆਂ ਹਨ। ਜਿਸ ਵਿੱਚੋਂ 7 ਆਸਾਮੀਆਂ ਪੁਰ ਹਨ ਅਤੇ 5 ਆਸਾਮੀਆਂ ਖਾਲੀ ਹਨ। ਇਹਨਾਂ ਵਿੱਚੋਂ ਇੱਕ ਆਸਾਮੀ ਅੰਗਹੀਣ ਕੋਟੇ ਦੀ ਹੈ, ਜਿਸ ਨੂੰ ਪੁਰ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਕਲੇਰੀਕਲ ਅਮਲੇ ਦੀ ਘਾਟ ਕਾਰਨ ਦਫਤਰੀ ਕੰਮ ਪ੍ਰਭਾਵਿਤ ਹੋ ਰਿਹਾ ਹੈ ਅਤੇ ਇਸ ਨਾਲ ਆਮ ਜਨਤਾ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵੇਲੇ ਹੇਠ ਲਿਖੇ ਦਰਜ਼ਾ-4 ਕਰਮਚਾਰੀ ਬਤੌਰ ਕਲੱਰਕ ਪਦ ਉਨੱਤੀ ਦੇ ਯੋਗ ਹਨ:-

| | |
|---|---|
| 1. ਸ਼੍ਰੀ ਬਲਦੇਵ ਰਾਜ | ਸੇਵਾਦਾਰ |
| 2. ਸ਼੍ਰੀ ਰੇਸ਼ਮ ਸਿੰਘ | ਸੇਵਾਦਾਰ |
| 3. ਸ਼੍ਰੀ ਕੈਲਾਸ਼ ਚੰਦ | ਸਫਾਈ ਸੇਵਕ |
| 4. ਸ਼੍ਰੀ ਰਾਜ ਸਿੰਘ | ਸਫਾਈ ਸੇਵਕ |
| 5. ਸ਼੍ਰੀਮਤੀ ਸੀਮਾ | ਸਫਾਈ ਸੇਵਕ |
| 6. ਸ਼੍ਰੀਮਤੀ ਮੀਨਾ ਕੁਮਾਰੀ | ਸੇਵਾਦਾਰ |
| 7. ਸ਼੍ਰੀਮਤੀ ਪਰਮਜੀਤ ਕੋਰ | ਬੇਲਦਾਰ |

ਕਰਮਚਾਰੀਆਂ ਦਾ ਕੰਮ ਕਾਜ਼ ਅਤੇ ਪੈਡਿੰਗ ਇਨਕੁਆਰੀ ਵਿਜ਼ੀਲੈਂਸ ਕੇਸ ਸਬੰਧੀ ਸਬੰਧਤ ਬਰਾਂਚਾ ਤੋਂ ਰਿਪੋਰਟ ਲਈ ਗਈ। ਕਰਮਚਾਰੀਆਂ ਦਾ ਕੰਮ-ਕਾਜ਼ ਤਸੱਲੀਬਖਸ਼ ਹੈ। ਇਹਨਾਂ ਕਰਮਚਾਰੀਆਂ ਵਿਰੁੱਧ ਵਿਜ਼ੀਲੈਂਸ ਕੇਸ/ ਵਿਭਾਗੀ ਜਾਂਚ ਲੰਬਿਤ ਨਹੀਂ ਹੈ। ਉਪਰੋਕਤ ਕਰਮਚਾਰੀਆਂ ਵਿੱਚੋਂ ਲੜੀ ਨੰ: 3 ਤੇ ਦਰਜ਼ ਸ਼੍ਰੀ ਕੈਲਾਸ਼ ਚੰਦ ਦਾ ਨਾਮ ਸੀਨੀਅਰਤਾ ਸੂਚੀ ਵਿੱਚ ਦਰਜ਼ ਨਹੀਂ ਹੈ। ਪਰੰਤੂ ਉਸ ਦਾ ਨੰਬਰ 10 ਤੇ ਬਣਦਾ ਹੈ। ਇਸ ਲਈ ਤਰੱਕੀ ਕੋਟੇ ਦੀਆਂ 4 ਆਸਾਮੀਆਂ ਅਤੇ 3 ਆਸਾਮੀਆਂ ਸਿੱਧੀ ਭਰਤੀ ਕੋਟੇ ਚੌਂ ਪੁਰ ਕਰ ਲਈਆਂ ਜਾਣ ਤਾਂ ਨਗਰ ਨਿਗਮ ਨੂੰ ਕੋਈ ਬਹੁਤਾ ਵਿੱਤੀ ਬੋਝ ਨਹੀਂ ਪੈਂਦਾ। ਜੋ ਆਸਾਮੀਆਂ ਸਿੱਧੀ ਭਰਤੀ ਕੋਟੇ ਚੌਂ ਭਰੀਆਂ ਜਾਂਦੀਆਂ ਹਨ ਉਹਨਾਂ ਵਿਰੁੱਧ ਪਦ ਉਨੱਤ ਕੀਤੇ ਗਏ ਕਰਮਚਾਰੀਆਂ (ਲੜੀ ਨੰਬਰ 5 ਤੋਂ 7 ਤੱਕ) ਲਏ ਗਏ ਹਨ ਤੋਂ ਅੰਡਰਟੇਕਿੰਗ ਲੈ ਲਈ ਜਾਵੇ ਕਿ **"ਨੇੜੇ ਭਵਿਖ ਵਿੱਚ ਜੇਕਰ ਨਗਰ ਨਿਗਮ ਵੱਲੋਂ ਸਿੱਧੀ ਭਰਤੀ ਦੇ ਕੋਟੇ ਅਧੀਨ ਭਰਤੀ ਕੀਤੀ ਜਾਂਦੀ ਹੈ ਅਤੇ ਤਰੱਕੀ ਕੋਟੇ ਦੀ ਆਸਾਮੀ ਖਾਲੀ ਨਹੀਂ ਹੁੰਦੀ ਤਾਂ ਉਹਨਾਂ ਨੂੰ ਵਾਪਿਸ ਮੁੱਢਲੀ ਪੋਸਟ ਤੇ ਭੇਜ ਦਿੱਤਾ ਜਾਂਦਾ ਹੈ ਤਾਂ ਉਹਨਾਂ ਨੂੰ**

**ਕੋਈ ਉਜ਼ਰ ਨਹੀਂ ਹੋਵੇਗਾ।"** ਪਰੰਤੂ ਜੇ ਪ੍ਰਵਾਨ ਹੋਵੇ ਤਾਂ ਉਕਤ ਆਸਾਮੀਆਂ ਪਦ-ਉਨੱਤੀ ਰਾਹੀਂ ਪੁਰ ਕਰਨ ਲਈ ਹਾਊਸ ਦੀ ਪ੍ਰਵਾਨਗੀ ਲਈ ਭੇਜਣ ਹਿੱਤ ਰਿਪੋਰਟ ਪੇਸ਼ ਹੈ ਜੀ।

ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਸ਼੍ਰੀ ਬਲਦੇਵ ਰਾਜ, ਸੇਵਾਦਾਰ ਸ਼੍ਰੀ ਰੇਸ਼ਮ ਸਿੰਘ, ਸੇਵਾਦਾਰ, ਸ਼੍ਰੀ ਕੈਲਾਸ਼ ਚੰਦ, ਸਫਾਈ ਸੇਵਕ, ਸ਼੍ਰੀ ਰਾਜ ਸਿੰਘ, ਸਫਾਈ ਸੇਵਕ ਸ਼੍ਰੀਮਤੀ ਸੀਮਾ, ਸਫਾਈ ਸੇਵਕ ਅਤੇ ਸ਼੍ਰੀਮਤੀ ਮੀਨਾ ਕੁਮਾਰੀ, ਸੇਵਾਦਾਰ ਨੂੰ ਪਦ-ਉਨਤ ਕਰਨ ਖਾਤਰ ਸਿਫਾਰਸ਼ ਕੀਤੀ ਜਾਂਦੀ ਹੈ। ਲੜੀ ਨੰ: 7 ਤੇ ਦਰਜ਼ ਸ਼੍ਰੀਮਤੀ ਪਰਮਜੀਤ ਕੌਰ, ਬੇਲਦਾਰ ਸਬ-ਕਮੇਟੀ ਦੀ ਮੀਟਿੰਗ ਵਿੱਚ ਹਾਜ਼ਰ ਨਹੀਂ ਹੋਈ ਅਤੇ ਨਾ ਹੀ ਉਸ ਵੱਲੋਂ ਆਪਣਾ ਪੱਖ ਪੇਸ਼ ਕੀਤਾ ਗਿਆ। ਇਸ ਲਈ ਇਸ ਕਰਮਚਾਰਨ ਦਾ ਕੇਸ ਸਬ-ਕਮੇਟੀ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸਨੂੰ ਪੈਡਿੰਗ ਰੱਖਿਆ ਜਾਂਦਾ ਹੈ। ਲੜੀ ਨੰਬਰ 1 ਤੋਂ 6 ਤੱਕ ਕਰਮਚਾਰੀਆਂ ਨੂੰ ਪਦ-ਉਨੱਤ ਕਰਨ ਸਬੰਧੀ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।** |

**4:**

ਦਫਤਰੀ ਰਿਪੋਰਟ ਕਿ ਸ਼੍ਰੀ ਵਿਜੈ ਕੁਮਾਰ, ਸੀਵਰਮੈਨ ਪੁੱਤਰ ਸ੍ਰੀ ਚਾਨਣ ਰਾਮ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਕੰਮ ਕਰਦਾ ਸੀ।ਜਿਸਦੀ ਮਿਤੀ 28.03.2019 ਨੂੰ ਨੌਕਰੀ ਦੌਰਾਨ ਮੌਤ ਹੋ ਗਈ ਸੀ।ਮ੍ਰਿਤਕ ਕਰਮਚਾਰੀ ਦੇ ਪੁੱਤਰ ਸ੍ਰੀ ਨਵਾਬ ਵਲੋਂ ਆਪਣੇ ਪਿਤਾ ਦੀ ਜਗ੍ਹਾ ਤੇ ਤਰਸ ਦੇ ਅਧਾਰ ਤੇ ਬਤੌਰ ਸੀਵਰਮੈਨ ਨੌਕਰੀ ਲੱਗਣ ਲਈ ਸੀਵਰੇਜ਼ ਬੋਰਡ ਵਿਖੇ ਬਿਨੈ ਪੱਤਰ ਦਿੱਤਾ ਹੈ। ਬਿਨੈਕਾਰ ਪ੍ਰਾਇਮਰੀ ਪਾਸ ਹੈ ਅਤੇ ਦਿੱਤੇ ਗਏ ਦਸਤਾਵੇਜਾਂ ਅਨੁਸਾਰ ਉਸਦੀ ਜਨਮ ਮਿਤੀ 05.06.1995 ਹੈ। ਮ੍ਰਿਤਕ ਕਰਮਚਾਰੀ ਸੀਵਰੇਜ਼ ਬੋਰਡ ਦਾ ਕਰਮਚਾਰੀ ਸੀ। ਉਸਨੂੰ ਸੀਵਰੇਜ਼ ਬੋਰਡ ਵਲੋਂ ਭਰਤੀ ਕੀਤਾ ਗਿਆ ਸੀ। ਮ੍ਰਿਤਕ ਦੇ ਵਾਰਸ ਨੂੰ ਨੌਕਰੀ ਸੀਵਰੇਜ਼ ਬੋਰਡ ਵਲੋਂ ਦਿੱਤੀ ਜਾਣੀ ਹੈ। ਜਿਸਦੀ ਤਨਖਾਹ ਦਾ ਸਾਰਾ ਵਿੱਤੀ ਬੋਝ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਵਿਰੁੱਧ ਖਾਲੀ ਹੋਈ ਅਸਾਮੀ ਤੇ ਪਵੇਗਾ। ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਸੀਵਰੇਜ਼ ਮੰਡਲ ਨੰ: 1, ਬਠਿੰਡਾ ਨੇ ਪੱਤਰ ਨੰ:2572 ਮਿਤੀ 20.06.2019 ਰਾਹੀਂ ਮ੍ਰਿਤਕ ਸ੍ਰੀ ਵਿਜੈ ਕੁਮਾਰ ਸੀਵਰਮੈਨ ਪੁੱਤਰ ਸ੍ਰੀ ਚਾਨਣ ਰਾਮ ਦੇ ਵਾਰਸ ਨੂੰ ਤਰਸ ਦੇ ਅਧਾਰ ਤੇ ਨੌਕਰੀ ਦੇਣ ਸਬੰਧੀ ਸਹਿਮਤੀ ਦੇਣ ਦੀ ਮੰਗ ਕੀਤੀ ਹੈ। ਸੋ, ਮ੍ਰਿਤਕ ਦੇ ਵਾਰਸ ਨੂੰ ਨੌਕਰੀ ਤੇ ਰੱਖਣ ਲਈ ਸਹਿਮਤੀ ਲੈਣ ਲਈ ਸਬ-ਕਮੇਟੀ ਨੂੰ ਵਿਚਾਰ ਕਰਨ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।** |

**5:**

ਦਫਤਰੀ ਰਿਪੋਰਟ ਕਿ ਸ਼੍ਰੀ ਧਰਮਪਾਲ ਪੁੱਤਰ ਸ੍ਰੀ ਨਨਕੂ ਜੋ ਕਿ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਬਤੌਰ ਸੀਵਰਮੈਨ ਰੈਗੂਲਰ ਫੀਲਡ ਅਧਾਰ ਤੇ ਕੰਮ ਕਰਦਾ ਸੀ। ਉਸ ਦੀ ਮਿਤੀ 05.05.2016 ਨੂੰ ਨੌਕਰੀ ਦੌਰਾਨ ਮੌਤ ਹੋ ਗਈ ਸੀ। ਮੁੱਖ ਦਫਤਰ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਚੰਡੀਗੜ੍ਹ ਵੱਲੋਂ ਆਪਣੇ ਪੱਤਰ ਨੰ: ਪਵਸਸਬ-2019/ਈ.ਏ(4)/11286 ਮਿਤੀ 03.06.2019 ਰਾਹੀਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮ੍ਰਿਤਕ ਦੀ ਵਿਧਵਾ ਸ੍ਰੀਮਤੀ ਆਸ਼ਾ ਰਾਣੀ ਨੂੰ ਤਰਸ ਦੇ ਅਧਾਰ ਤੇ ਮ੍ਰਿਤਕ ਕਰਮਚਾਰੀ ਦੀ ਖਾਲੀ ਹੋਈ ਅਸਾਮੀ ਤੇ ਬਤੌਰ ਸੀਵਰਮੈਨ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 1, ਬਠਿੰਡਾ ਵਲੋਂ ਪੱਤਰ ਨੰ: 2454 ਮਿਤੀ 12.06.2019 ਪ੍ਰਾਪਤ ਹੋਇਆ ਹੈ ਜਿਸ ਵਿੱਚ ਮ੍ਰਿਤਕ ਦੀ ਪਤਨੀ ਸ੍ਰੀਮਤੀ ਆਸ਼ਾ ਰਾਣੀ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਦੇ ਵਿਰੁੱਧ ਬਤੌਰ ਸੀਵਰਮੈਨ ਨਿਯੁਕਤੀ ਪੱਤਰ ਜਾਰੀ ਕਰਨਾ ਹੈ।ਇਸ ਸਬੰਧੀ ਨਗਰ ਨਿਗਮ, ਬਠਿੰਡਾ ਦੀ ਸਹਿਮਤੀ ਮੰਗੀ ਹੈ ਤਾਂ ਜੋ ਮ੍ਰਿਤਕ ਦੀ ਵਿਧਵਾ ਨੂੰ ਤਰਸ ਦੇ ਅਧਾਰ ਤੇ ਨਿਯੁਕਤੀ ਪੱਤਰ ਜਾਰੀ ਕੀਤਾ ਜਾ ਸਕੇ ਅਤੇ ਬਾਅਦ ਵਿੱਚ ਕੋਈ ਅੜੱਚਣ ਪੇਸ਼ ਨਾ ਆਵੇ ਜੀ।ਜੇਕਰ ਨਗਰ ਨਿਗਮ ਹਾਊਸ ਵਲੋਂ ਮ੍ਰਿਤਕ ਦੀ ਵਿਧਵਾ ਸ੍ਰੀਮਤੀ ਆਸ਼ਾ ਰਾਣੀ ਨੂੰ ਤਰਸ ਦੇ ਆਧਾਰ ਤੇ ਨੌਕਰੀ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਇਸ ਕਰਮਚਾਰਣ ਦੀ ਤਨਖਾਹ ਆਦਿ ਦੇਣ ਦਾ ਸਾਰਾ ਖਰਚਾ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਵਿੱਚ ਖਾਲੀ ਹੋਈ ਅਸਾਮੀ ਤੇ ਪਵੇਗਾ।ਜਿਸ ਦਾ ਵਿੱਤੀ ਬੋਝ ਨਗਰ ਨਿਗਮ ਨੂੰ ਸਹਿਨ ਕਰਨਾ ਪਵੇਗਾ।ਮ੍ਰਿਤਕ ਦੀ ਪਤਨੀ ਸ੍ਰੀਮਤੀ ਆਸ਼ਾ ਰਾਣੀ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਬਤੌਰ ਸੀਵਰਮੈਨ ਨਿਯੁਕਤੀ ਪੱਤਰ ਜਾਰੀ ਕਰਨ ਦੀ ਸਹਿਮਤੀ ਦੇਣ ਲਈ ਸਬ-ਕਮੇਟੀ ਦੇ ਵਿਚਾਰ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।** |

**6:**

ਦਫਤਰੀ ਰਿਪੋਰਟ ਕਿ ਸ਼੍ਰੀ ਸਵਰਨ ਸਿੰਘ ਬਤੌਰ ਕੀਮੈਨ ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 3, ਬਠਿੰਡਾ ਵਿਖੇ ਕੰਮ ਕਰਦਾ ਸੀ।ਜਿਸ ਦੀ ਮਿਤੀ 24.08.2016 ਨੂੰ ਡਿਊਟੀ ਦੋਰਾਨ ਮੌਤ ਹੋ ਗਈ ਸੀ ਅਤੇ ਸ੍ਰੀ ਖੁਸ਼ੀ ਰਾਮ ਬਤੌਰ ਸੀਵਰਮੈਨ ਪੰਜਾਬ ਵ/ਸ ਅਤੇ ਸੀਵਰੇਜ਼ ਉਪ-ਮੰਡਲ ਨੰ: 1, ਬਠਿੰਡਾ ਵਿਖੇ ਕੰਮ ਕਰਦਾ ਸੀ।ਜਿਸ ਦੀ ਮਿਤੀ 28.12.2015 ਨੂੰ ਡਿਊਟੀ ਦੋਰਾਨ ਮੌਤ ਹੋ ਗਈ ਸੀ। ਉਕਤ ਦੋਵੇਂ ਕਰਮਚਾਰੀ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਵਲੋਂ

ਸਲਾਨਾ ਦੇਖਭਾਲ ਵ/ਸ ਅਤੇ ਸੀਵਰੇਜ਼ ਸਕੀਮਾਂ ਉੱਪਰ ਸੀਵਰੇਜ਼ ਬੋਰਡ ਵਲੋਂ ਭਰਤੀ ਕੀਤੇ ਗਏ ਸਨ।ਜਿਨ੍ਹਾਂ ਦਾ ਖਰਚਾ ਸਲਾਨਾ ਦੇਖਭਾਲ ਵ/ਸ ਅਤੇ ਸੀਵਰੇਜ਼ ਸਕੀਮ, ਬਠਿੰਡਾ ਨੂੰ ਪੈਂਦਾ ਸੀ।ਜਿਸਦੀ ਅਦਾਇਗੀ ਨਗਰ ਨਿਗਮ ਵਲੋਂ ਕੀਤੀ ਜਾਂਦੀ ਹੈ।ਦੋਵੇਂ ਕਰਮਚਾਰੀਆਂ ਦੀ ਮੌਤ ਹੋ ਜਾਣ ਉਪਰੰਤ ਉਹਨਾਂ ਦੇ ਵਾਰਿਸਾਂ ਨੂੰ ਮੁੱਖ ਕਾਰਜਕਾਰੀ ਅਫਸਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਚੰਡੀਗੜ੍ਹ ਦੇ ਪੱਤਰ ਨੰ: ਪਵਸਸਸਬ-2018/ਈ.ਏ(4) 1498 ਮਿਤੀ: 23.01.2018 ਅਤੇ ਪੱਤਰ ਨੰ: ਪਵਸਸਸਬ-2018/ਈ.ਏ(4) 1497 ਮਿਤੀ 23.01.2018 ਰਾਹੀਂ ਦਿੱਤੀ ਪ੍ਰਵਾਨਗੀ ਅਨੁਸਾਰ ਸ੍ਰੀ ਹਰਪ੍ਰੀਤ ਸਿੰਘ ਬਤੌਰ ਕੀ-ਮੈਨ ਅਤੇ ਸ੍ਰੀਮਤੀ ਓਮ ਪ੍ਰਕਾਸ਼ੀ ਨੂੰ ਬਤੌਰ ਸੀਵਰਮੈਨ ਸਲਾਨਾ ਦੇਖਭਾਲ ਵ/ਸ ਅਤੇ ਸੀਵਰੇਜ਼ ਸਕੀਮਾਂ ਤੇ ਭਰਤੀ ਕੀਤਾ ਗਿਆ ਹੈ।ਤਰਸ ਦੇ ਅਧਾਰ ਤੇ ਭਰਤੀ ਕੀਤੇ ਗਏ ਉਕਤ ਦੋਵੇਂ ਕਰਮਚਾਰੀ ਦੀ ਤਨਖਾਹ ਦਾ ਖਰਚਾ ਮੌਤ ਹੋ ਜਾਣ ਕਾਰਨ ਖਾਲੀ ਹੋਈਆਂ ਅਸਾਮੀਆਂ ਵਿਰੁੱਧ ਪਵੇਗਾ। ਇਸ ਸਬੰਧੀ ਪੀ.ਡਬਲਯੂ.ਡੀ ਵਰਕਸ਼ਾਪ ਵਰਕਰਜ ਯੂਨੀਅਨ ਬਰਾਂਚ ਸੀਵਰੇਜ਼ ਬੋਰਡ, ਬਠਿੰਡਾ ਨੇ ਆਪਣੇ ਪੱਤਰ ਨੰ: 824 ਮਿਤੀ 25.06.2019 ਰਾਹੀਂ ਮੰਗ ਕੀਤੀ ਹੈ ਕਿ ਉਕਤ ਦੋਵੇਂ ਕਰਮਚਾਰੀਆਂ ਨੂੰ ਜਲਦੀ ਤੋਂ ਜਲਦੀ ਤਨਖਾਹ ਦੇਣ ਸਬੰਧੀ ਯੋਗ ਕਾਰਵਾਈ ਕੀਤੀ ਜਾਵੇ ਤਾਂ ਜੋ ਮ੍ਰਿਤਕਾਂ ਦੇ ਘਰ ਦਾ ਗੁਜਾਰਾ ਚਲ ਸਕੇ ਜੀ।ਮ੍ਰਿਤਕਾਂ ਦੇ ਵਾਰਸਾਂ ਨੂੰ ਨਗਰ ਨਿਗਮ ਹਾਊਸ ਤੋਂ ਤਰਸ ਦੇ ਆਧਾਰ ਤੇ ਨੋਕਰੀ ਤੇ ਰੱਖਣ ਲਈ ਹਾਊਸ ਤੋਂ ਪ੍ਰਵਾਨਗੀ ਨਹੀਂ ਲਈ ਗਈ।ਨਗਰ ਨਿਗਮ ਦੇ ਜਨਰਲ ਹਾਊਸ ਤੋ ਪ੍ਰਵਾਨਗੀ ਲੈਣ ਲਈ ਏਜੰਡਾ ਨੰ: 29 ਲਾਇਆ ਗਿਆ ਸੀ ਪਰੰਤੂ ਜ਼ਨਰਲ ਹਾਊਸ ਦੀ ਮੀਟਿੰਗ ਮਿਤੀ 25-09-2018 ਹੋਈ ਜਿਸ ਵਿੱਚ ਮਤਾ ਨੰ: 50 ਰਾਹੀਂ ਰੱਦ ਕੀਤਾ ਗਿਆ ਸੀ। ਉਕਤ ਦੋਨੋਂ ਕਰਮਚਾਰੀਆਂ ਵਲੋਂ ਮਿਤੀ 31-10-2018 ਨੂੰ ਮਾਣਯੋਗ ਮੇਅਰ ਸਾਹਿਬ ਨੂੰ ਮਿਲ ਕੇ ਬੇਨਤੀ ਪੱਤਰ ਦਿੱਤਾ ਗਿਆ ਮੇਅਰ ਸਾਹਿਬ ਵਲੋਂ ਜਬਾਨੀ ਹੁਕਮ ਦਿੱਤੇ ਗਏ ਕਿ ਇਨ੍ਹਾਂ ਕਰਮਚਾਰੀਆਂ ਦਾ ਏਜੰਡਾ ਦੁਬਾਰਾ ਨਵੇਂ ਸਿਰੇ ਤੋ ਵਿਚਾਰਣ ਹਿੱਤ ਹਾਊਸ ਵਿੱਚ ਲਾਇਆ ਜਾਵੇ ਸੋ, ਦੋਵੇਂ ਕਰਮਚਾਰੀਆਂ ਨੂੰ ਤਨਖਾਹ ਦੇਣ ਸਬੰਧੀ ਸਬ ਕਮੇਟੀ ਵਿਚਾਰ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਸ਼੍ਰੀਮਤੀ ਉਮ ਪ੍ਰਕਾਸ਼ੀ ਨੂੰ ਮਹਿਕਮਾ ਸੀਵਰੇਜ਼ ਬੋਰਡ ਵੱਲੋਂ ਮਿਤੀ 01.02.2018 ਨੂੰ ਆਪਣੇ ਪੱਧਰ ਤੇ ਭਰਤੀ ਕੀਤੀ ਗਈ ਸੀ। ਪਰੰਤੂ ਮਹਿਕਮਾ ਸੀਵਰੇਜ਼ ਬੋਰਡ ਨੇ ਨਗਰ ਨਿਗਮ ਬਠਿੰਡਾ ਪਾਸੋਂ ਸ਼੍ਰੀਮਤੀ ਉਮ ਪ੍ਰਕਾਸ਼ੀ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਸਬੰਧੀ ਕੋਈ ਪੂਰਵ ਪ੍ਰਵਾਨਗੀ ਨਹੀਂ ਲਈ ਗਈ ਸੀ। ਇਸ ਲਈ ਪ੍ਰਾਰਥੀ ਦਾ ਪਹਿਲਾਂ ਵੀ ਕੇਸ ਰੱਦ ਹੋ ਚੁੱਕਾ ਹੈ। ਪਰੰਤੂ ਹੁਣ ਦੁਬਾਰਾ ਪ੍ਰਾਰਥੀ ਦੀ ਪ੍ਰਤੀ ਬੇਨਤੀ ਅਤੇ ਸੀਵਰੇਜ਼ ਬੋਰਡ ਵੱਲੋਂ ਬੇਨਤੀ ਕਰਨ ਤੇ ਇਸ ਮੱਦ ਨੂੰ ਵਿਚਾਰਿਆ ਗਿਆ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਪ੍ਰਾਰਥੀ ਨੂੰ ਨੋਕਰੀ ਲੈਣ ਦਾ ਹੱਕ ਬਰਕਰਾਰ ਹੈ। ਜਿਸ ਤਹਿਤ ਅੱਜ ਮਿਤੀ 08.08.2019 ਤੋਂ ਸ਼੍ਰੀਮਤੀ ਉਮ ਪ੍ਰਕਾਸ਼ੀ ਨੂੰ ਅੱਗੇ ਤੋਂ ਰੈਗੂਲਰ ਤੋਰ ਤੇ ਤਨਖਾਹ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਨਾਲ ਹੀ ਮਹਿਕਮਾ ਸੀਵਰੇਜ਼ ਬੋਰਡ ਸਬੰਧਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਬਿਨਾਂ ਨਗਰ ਨਿਗਮ ਦੀ ਸਹਿਮਤੀ ਲਏ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ਅਤੇ ਸ਼੍ਰੀਮਤੀ ਉਮ ਪ੍ਰਕਾਸ਼ੀ ਦਾ ਕੇਸ ਮਿਤੀ 08.08.2019 ਤੋਂ ਤਨਖਾਹ ਦੇਣ ਦੀ ਮੰਨਜ਼ੂਰੀ ਲਈ ਪਾਸ ਕੀਤਾ ਜਾਂਦਾ ਹੈ।**<br>**ਹਰਪ੍ਰੀਤ ਸਿੰਘ ਦੀ ਨਿਯੁਕਤੀ ਵੀ ਮਹਿਕਮਾ ਸੀਵਰੇਜ਼ ਬੋਰਡ ਨੇ ਆਪਣੇ ਪੱਧਰ ਤੇ ਮਿਤੀ 09.02.2018 ਨੂੰ ਨਿਯੁਕਤੀ ਪੱਤਰ ਦੇ ਦਿੱਤਾ ਸੀ। ਪਰੰਤੂ ਨਾ ਤਾਂ ਇਸਦੀ ਨਗਰ ਨਿਗਮ ਪਾਸੋਂ ਮੰਨਜ਼ੂਰੀ ਲਈ ਗਈ ਅਤੇ ਨਾ ਹੀ ਨਗਰ ਨਿਗਮ ਨੂੰ ਇਸਦੇ ਮਹਿਕਮਾ ਸੀਵਰੇਜ਼ ਬੋਰਡ ਵਿੱਚ ਕੰਮ ਕਰਨ ਸਬੰਧੀ ਕੋਈ ਜਾਣਕਾਰੀ ਸੀ। ਸੋ, ਹਰਪ੍ਰੀਤ ਸਿੰਘ ਦਾ ਕੇਸ ਅੱਜ ਪਹਿਲੀ ਵਾਰ ਸਬ-ਕਮੇਟੀ ਦੇ ਵਿਚਾਰ ਅਧੀਨ ਆਇਆ ਹੈ। ਇਸ ਵਿੱਚ ਸਬ-ਕਮੇਟੀ ਦਾ ਫੈਸਲਾ ਹੈ ਕਿ ਹਰਪ੍ਰੀਤ ਸਿੰਘ ਦੇ ਪਿਤਾ ਦੀ ਪੂਰੀ ਫਾਇਲ ਅਤੇ ਹਰਪ੍ਰੀਤ ਸਿੰਘ ਵੱਲੋਂ ਜੁਆਇਨਿੰਗ ਰਿਪੋਰਟ ਦੀ ਕਾਪੀ ਅਤੇ ਕਿਸ ਅਫਸਰ ਸਾਹਿਬਾਨ ਨੇ ਉਸਨੂੰ ਜੁਆਇਨ ਕਰਵਾਇਆ, ਉਸ ਦੀਆਂ ਕਾਪੀਆਂ ਸਬ-ਕਮੇਟੀ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਹਿੱਤ ਪੇਸ਼ ਕੀਤੀਆਂ ਜਾਣ। ਉਸ ਸਮੇਂ ਤੱਕ ਇਸਨੂੰ ਪੈਡਿੰਗ ਰੱਖਿਆ ਜਾਂਦਾ ਹੈ। ਇਸ ਕੇਸ ਵਿੱਚ ਵੀ ਮਹਿਕਮਾ ਸੀਵਰੇਜ਼ ਬੋਰਡ ਦੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਦੀ ਬਿਨਾਂ ਮੰਨਜ਼ੂਰੀ ਲਏ ਵਾਰ-ਵਾਰ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਨਾ ਦਿੱਤੇ ਜਾਣ, ਜਿਸ ਨਾਲ ਕਿ ਮਹਿਕਮਾ ਸੀਵਰੇਜ਼ ਬੋਰਡ ਅਤੇ ਨਗਰ ਨਿਗਮ ਅਤੇ ਸਬੰਧਤ ਮੁਲਾਜ਼ਮ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਸੀਵਰੇਜ਼ ਬੋਰਡ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਤੋਂ ਪਹਿਲਾਂ ਨਗਰ ਨਿਗਮ ਦੀ ਪੂਰਵ ਪ੍ਰਵਾਨਗੀ ਲੈਣੀ ਯਕੀਨੀ ਬਣਾਈ ਜਾਵੇ।** |

**7:**

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਦਿਆਲ ਚੰਦ ਪੁੱਤਰ ਸ਼੍ਰੀ ਕਿਸ਼ਨ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ। ਇਸ ਦੀ ਮਿਤੀ 27.07.2018 ਨੂੰ ਮੌਤ ਹੋ ਗਈ ਸੀ। ਇਸਦੇ ਪੁੱਤਰ ਸ਼੍ਰੀ ਰਾਹੁਲ ਕੁਮਾਰ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੋਕਰੀ ਦਿੱਤੀ ਜਾਵੇ। ਸ਼੍ਰੀ ਰਾਹੁਲ ਕੁਮਾਰ ਪੁੱਤਰ ਸ਼੍ਰੀ ਦਿਆਲ ਚੰਦ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਮਾਤਾ, ਇਕ ਭਰਾ ਅਤੇ ਦੋ ਸ਼ਾਦੀਸ਼ੁਦਾ ਭੈਣਾਂ ਹਨ। ਉਸਦਾ ਵੱਡਾ ਭਰਾ ਨਗਰ ਨਿਗਮ ਵਿਖੇ ਬਤੋਰ ਸਫਾਈ ਸੇਵਕ ਲੱਗਾ ਹੋਇਆ ਹੈ। ਇਹਨਾਂ ਸਾਰਿਆਂ ਨੇ ਸ਼੍ਰੀ ਰਾਹੁਲ ਕੁਮਾਰ ਨੂੰ ਨੋਕਰੀ ਦੇਣ ਲਈ ਇਤਰਾਜ਼ਹੀਨਤਾ ਤਸਦੀਕਸ਼ੁਦਾ ਹਲਫੀਆ ਬਿਆਨ ਦਿੱਤਾ ਹੈ। ਹਲਫੀਆ ਬਿਆਨ ਅਨੁਸਾਰ ਉਹ ਆਪਣੇ ਪਿਤਾ ਨਾਲ ਕਿਰਾਏ ਦੇ ਮਕਾਨ ਵਿੱਚ ਪਹਿਲਾਂ ਹੀ ਅਲਗ ਰਹਿੰਦਾ ਸੀ ਅਤੇ ਉਹ ਆਪਣੇ ਪਿਤਾ ਤੇ ਹੀ ਨਿਰਭਰ ਸੀ। ਉਸ ਪਾਸ

ਕਮਾਈ ਦਾ ਕੋਈ ਸਾਧਨ ਨਹੀਂ ਹੈ। ਸ਼੍ਰੀ ਰਾਹੁਲ ਕੁਮਾਰ ਬਾਰਵੀਂ ਪਾਸ ਹੈ ਅਤੇ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 10.11.1992 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਰਾਹੁਲ ਕੁਮਾਰ ਨੂੰ ਉਸਦੇ ਪਿਤਾ ਸ਼੍ਰੀ ਦਿਆਲ ਚੰਦ ਪੁੱਤਰ ਸ਼੍ਰੀ ਕਿਸ਼ਨ ਲਾਲ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

ਇਸ ਸਬੰਧੀ ਇਹ ਵੀ ਰਿਪੋਰਟ ਕੀਤੀ ਗਈ ਹੈ ਕਿ ਬਿਨੈਕਾਰ ਵੱਲੋਂ ਹਲਫੀਆ ਬਿਆਨ ਅਤੇ ਕੌਂਸਲਰ ਸਾਹਿਬ ਤੋਂ ਲਿਖਵਾ ਕੇ ਦਿੱਤਾ ਹੈ ਕਿ ਉਹ ਆਪਣੇ ਪਿਤਾ ਨਾਲ ਉਕਤ ਦੱਸੇ ਪਤੇ ਤੇ ਪਰਿਵਾਰ ਤੋਂ ਅਲਗ ਰਹਿੰਦਾ ਸੀ।

ਕੇਸ ਦੁਬਾਰਾ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।** |

ਇਸ ਮੱਦ ਨੂੰ ਮਤਾ ਨੰਬਰ 27 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਸਬ-ਕਮੇਟੀ ਦੀ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਦਸਿਆ ਕਿ ਅੱਜ ਦੇ ਸਮੇਂ ਟ੍ਰੈਫਿਕ ਜਿਆਦਾ ਹੋਣ ਕਾਰਨ ਗੱਡੀਆਂ ਨਾਲ ਐਕਸੀਡੈਂਟ ਹੋਣ ਦੇ ਕਲੇਮ ਬਹੁਤ ਜਿਆਦਾ ਵੱਧ ਚੁੱਕੇ ਹਨ। ਇਸ ਸਬੰਧੀ ਜੇਕਰ ਕੋਈ ਐਸਡੀਡੈਂਟ ਹੁੰਦਾ ਹੈ ਤਾਂ ਨਗਰ ਨਿਗਮ ਨੂੰ ਬਹੁਤ ਜਿਆਦਾ ਖਰਚਾ ਦੇਣਾ ਪਵੇਗਾ। ਇਸ ਲਈ ਯੋਗ ਹੋਵੇਗਾ ਕਿ ਆਊਟਸੋਰਸ ਤੇ ਰੱਖੇ ਡਰਾਈਵਰਾਂ ਦੇ ਲਾਇਸੰਸ ਸਬੰਧਤ ਅਥਾਰਟੀ ਪਾਸੋਂ ਵੈਰੀਫਾਈ ਕਰਵਾਏ ਜਾਣ।**

**ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਸ਼੍ਰੀ ਸੁਰੇਸ਼ ਕੁਮਾਰ ਸੇਤੀਆ, ਜੂਨੀਅਰ ਸਹਾਇਕ, ਨਗਰ ਨਿਗਮ ਵਿਖੇ ਬਤੌਰ ਪੀ.ਏ.ਟੂ ਮੇਅਰ ਕੰਮ ਕਰ ਰਹੇ ਹਨ। ਉਹਨਾਂ ਕਿਹਾ ਕਿ ਇਸ ਕਰਮਚਾਰੀ ਨੂੰ ਬਣਦੀ ਤਰੱਕੀ ਦਿੱਤੀ ਜਾਵੇ। ਇਸਤੇ ਹਾਊਸ ਵਿੱਚ ਮੋਜੂਦ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਇਸ ਕਰਮਚਾਰੀ ਬਾਰੇ ਹਾਊਸ ਵੱਲੋਂ ਪਹਿਲਾਂ ਵੀ ਲੇਖਾਕਾਰ ਪਦ-ਉਨੱਤ ਕਰਨ ਸਬੰਧੀ ਮਤਾ ਪਾਸ ਕੀਤਾ ਗਿਆ ਸੀ। ਸ਼੍ਰੀ ਸੁਰੇਸ਼ ਕੁਮਾਰ ਸੇਤੀਆ ਦੀ ਪਬਲਿਕ ਡੀਲਿੰਗ, ਚੁਣੇ ਹੋਏ ਕੌਂਸਲਰ ਸਾਹਿਬਾਨ ਦੇ ਪ੍ਰਤੀ ਬਹੁਤ ਹੀ ਵਧੀਆ ਵਤੀਰਾ ਹੈ। ਇਸ ਕਰਮਚਾਰੀ ਦੀ ਪਬਲਿਕ ਡੀਲਿੰਗ ਬਹੁਤ ਜਿਆਦਾ ਵਧੀਆ ਹੋਣ ਕਾਰਨ ਨਗਰ ਨਿਗਮ ਦਾ ਅਕਸ ਬਹੁਤ ਉੱਚਾ ਹੋਇਆ ਹੈ। ਸ਼੍ਰੀ ਸੁਰੇਸ਼ ਕੁਮਾਰ ਸੇਤੀਆ, ਜੂਨੀਅਰ ਸਹਾਇਕ, ਜੋ ਕਿ ਇਸ ਸਮੇਂ ਪੀ.ਏ.ਟੂ. ਮੇਅਰ ਕੰਮ ਕਰ ਰਿਹਾ ਹੈ ਦੀ ਨਗਰ ਨਿਗਮ ਦਾ ਅਕਸ ਉੱਚਾ ਚੁੱਕਣ ਵਿੱਚ ਤਨ-ਮਨ ਨਾਲ ਕੀਤੀ ਗਈ ਸੇਵਾ ਬਦਲੇ ਇਸ ਕਰਮਚਾਰੀ ਦੇ ਕੰਮ ਪ੍ਰਤੀ ਤਸੱਲੀ ਦਰਸਾਉਂਦੇ ਹੋਏ ਬਣਦੀ ਤਰੱਕੀ ਦਾ ਲਾਭ ਦੇਣ ਖਾਤਰ ਸਰਵ-ਸੰਮਤੀ ਨਾਲ ਪੁਰਜ਼ੋਰ ਸਿਫਾਰਸ਼ ਕੀਤੀ ਜਾਂਦੀ ਹੈ।**

| | |
|---|---|
| **ਮਤਾ ਨੰਬਰ 54 :** | **17(1) : ਸਮੂਹ 20 ਡਾਟਾ ਐਂਟਰੀ ਆਪਰੇਟਰ-ਕਮ-ਕਲੱਰਕ, 01 ਸਕਿਊਰਟੀ ਸੁਪਰਵਾਇਜ਼ਰ, 08 ਸਕਿਊਰਟੀ ਗਾਰਡ, 07 ਡਰਾਈਵਰ ਆਉਟਸੋਰਸ ਤੇ ਆਉਣ ਵਾਲਾ ਖਰਚਾ ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਜਾਂਦਾ ਹੈ ਕਿ ਆਉਟਸੋਰਸ ਤੇ ਰੱਖੇ ਡਰਾਈਵਰਾਂ ਦੇ ਲਾਇਸੰਸ ਸਬੰਧਤ ਅਥਾਰਟੀ ਪਾਸੋਂ ਵੈਰੀਫਾਈ ਕਰਵਾ ਲਏ ਜਾਣ।<br>17(2) : ਇਸ ਸਬੰਧੀ ਪਹਿਲਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਸਹਿਮਤ ਲੈ ਲਈ ਜਾਵੇ।<br>17(3) : ਬਣਦੇ ਪ੍ਰਮੋਸ਼ਨ ਕੋਟੇ ਅਨੁਸਾਰ ਰਿਪੋਰਟ ਵਿੱਚ ਦਰਜ਼ 7 ਕਰਮਚਾਰੀਆਂ ਜਿਸ ਵਿੱਚ ਸ਼੍ਰੀਮਤੀ ਪਰਮਜੀਤ ਕੋਰ, ਬੇਲਦਾਰ ਵੀ ਸ਼ਾਮਲ ਹੈ, ਨੂੰ ਪਾਸ ਕਰਦੇ ਹੋਏ 7 ਕਰਮਚਾਰੀਆਂ ਨੂੰ ਤਰੱਕੀਆਂ ਦੇਣਾ ਪਾਸ ਕੀਤਾ ਜਾਂਦਾ ਹੈ।<br>17(4) : ਪ੍ਰਵਾਨ ਹੈ।<br>ਮਜ਼ੀਦ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਸਬੰਧੀ ਤਨਖਾਹ ਦਾ ਖਰਚਾ ਦੇਣਾ ਪਾਸ ਕੀਤਾ ਜਾਂਦਾ ਹੈ।<br>17(5): ਪ੍ਰਵਾਨ ਹੈ।<br>ਮਜ਼ੀਦ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਸਬੰਧੀ ਤਨਖਾਹ ਦਾ ਖਰਚਾ ਦੇਣਾ ਪਾਸ ਕੀਤਾ ਜਾਂਦਾ ਹੈ।<br>17(6): ਪ੍ਰਵਾਨ ਹੈ।<br>ਮਜ਼ੀਦ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਸਬੰਧੀ ਤਨਖਾਹ ਦਾ ਖਰਚਾ ਦੇਣਾ ਪਾਸ ਕੀਤਾ ਜਾਂਦਾ ਹੈ।<br>17(7) : ਪ੍ਰਵਾਨ ਹੈ। ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।<br>ਮਜ਼ੀਦ ਪਾਸ ਕੀਤਾ ਗਿਆ ਕਿ ਸ਼੍ਰੀ ਸੁਰੇਸ਼ ਕੁਮਾਰ ਸੇਤੀਆ, ਜੂਨੀਅਰ ਸਹਾਇਕ, ਜੋ ਨਗਰ ਨਿਗਮ ਵਿਖੇ ਬਤੋਰ ਪੀ.ਏ.ਟੂ. ਮੇਅਰ ਕੰਮ ਕਰ ਰਿਹਾ ਹੈ, ਨੂੰ ਫੀਡਿੰਗ ਕੈਡਰ ਦੀ ਸੀਨੀਅਰਤਾ ਸੂਚੀ ਵਿੱਚ ਪਹਿਲੇ ਨੰਬਰ ਤੇ ਹੋਣ ਕਾਰਨ ਬਤੋਰ ਲੇਖਾਕਾਰ ਪਦ-ਉਨੱਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ: 18:**

ਰਿਪੋਰਟ ਸਿਹਤ ਸ਼ਾਖਾ ਕਿ ਮਿਤੀ: 26.08.19 ਨੂੰ ਸ੍ਰੀ ਮੋਹਿਤ ਸ੍ਰਮਾ, ਪ੍ਰਧਾਨ ਸ੍ਰੀ ਵੰਸੀਧਰ ਗਊਸ੍ਹਾਲਾ(ਰਜਿ:), ਏਅਰ ਫੋਰਸ ਰੋਡ, ਭੀਸੀਆਣਾ, ਕਿੱਲੀ ਨਿਹਾਲ ਸਿੰਘ ਵਾਲਾ ( ਬਠਿੰਡਾ ) ਤੋ ਇੱਕ ਬੇਨਤੀ ਪੱਤਰ ਨੰ: ਐਸ.ਵੀ.ਜੀ 8/15 ਮਿਤੀ: 26.08.19 ਪ੍ਰਾਪਤ ਹੋਇਆ ਹੈ ਜਿਸ ਵਿੱਚ ਉਹਨਾ ਵੱਲੋ ਬੇਨਤੀ ਕੀਤੀ ਗਈ ਹੈ ਕਿ ਉਹਨਾ ਦੀ ਗਊਸ੍ਹਾਲਾ (ਸ੍ਰੀ ਵੰਸੀਧਰ ਗਊਸ੍ਹਾਲਾ(ਰਜਿ:), ਭੀਸੀਆਣਾ ) ਵਿੱਚ 300 ਹੋਰ ਅਵਾਰਾ ਪਸ਼ੂ ( ਪਸ਼ੂਧਨ) ਰੱਖਣ ਦੀ ਸਮਰਥਾ ਹੈ ਜੇਕਰ ਨਗਰ ਨਿਗਮ, ਬਠਿੰਡਾ ਚਾਹੁੰਦਾ ਹੈ ਤਾਂ ਉਹ ਸ੍ਰੀ ਵੰਸੀਧਰ ਗਊਸ੍ਹਾਲਾ(ਰਜਿ:), ਭੀਸੀਆਣਾ ਵਿੱਖੇ ਪੁਰਾਣੇ ਰੇਟ ( 18/- ਰੁਪਏ ਪ੍ਰਤੀ ਪਸ਼ੂਧਨ) ਤੇ 300 ਅਵਾਰਾ ਪਸ਼ੂ (ਪਸ਼ੂਧਨ) ਲੈਣ ਲਈ ਤਿਆਰ ਹਨ। ਇਹ ਕਿ ਨਗਰ ਨਿਗਮ, ਬਠਿੰਡਾ ਵੱਲੋ ਇਸ ਸਮੇਂ ਸ੍ਹਹਿਰ ਵਿੱਚੋ ਅਵਾਰਾ ਜਾਨਵਰਾਂ ( ਪਸ਼ੂਧਨ ) ਨੂੰ ਫੱੜ ਕੇ ਵੱਖ-ਵੱਖ ਗਊਸ੍ਹਾਲਾਵਾਂ ਵਿੱਚ ਛੱਡਣ ਦਾ ਕੰਮ ਦਫ਼ਤਰ ਦੇ ਵਰਕ ਆਡਰ ਨੰ: 1018/ਐਚ.ਓ ਮਿਤੀ: 04.09.19 ਰਾਂਹੀ ਸ੍ਹਹੀਦ ਭਗਤ ਸਿੰਘ ਸਭਿਆਚਾਰਕ ਕਲੱਬ ( ਰਜਿ: ) ਬਠਿੰਡਾ ਨੂੰ ਦਿੱਤਾ ਹੋਇਆ ਹੈ। ਸ੍ਹਹਿਰ ਵਿੱਚ ਅਵਾਰਾ ਪਸ਼ੂਆ ਨਾਲ ਹੋਣ ਵਾਲੀਆ ਦੁਰਘਟਨਾਵਾ ਤੋ ਬਚਣ ਲਈ ਨਗਰ ਨਿਗਮ, ਬਠਿੰਡਾ ਵੱਲੋ ਮਾਨਯੋਗ ਕਮਿਸ੍ਹਨਰ ਨਗਰ ਨਿਗਮ ਬਠਿੰਡਾ ਜੀ ਦੇ ਜੁਬਾਨੀ ਹੁਕਮਾ ਅਨੁਸਾਰ ਲਗਾਤਾਰ ਗਊਸ੍ਹਾਲਾ ਡੇਰਾ ਰੂਮੀ ਭੁੱਚੋ ਕਲਾਂ, ਗਊਸ੍ਹਾਲਾ ਹਰਹਾਏਪੁਰ ਜ਼ਿਲਾ ਬਠਿੰਡਾ (ਸਰਕਾਰੀ ਗਊਸ੍ਹਾਲਾ) ਵਿੱਚ ਸ੍ਹਹਿਰ ਤੋ ਫੱੜ ਕੇ ਅਵਾਰਾ ਪਸ਼ੂ ( ਪਸ਼ੂਧਨ ) ਭੇਜੇ ਜਾ ਰਹੇ ਹਨ। ਸ੍ਰੀ ਵੰਸੀਧਰ ਗਊਸ੍ਹਾਲਾ ( ਰਜਿ:), ਭੀਸੀਆਣਾ ਵਿਖੇ ਮਿਤੀ: 05.09.19 ਤੋ ਹੁਣ ਤੱਕ 120 ਜਾਨਵਰ ਭੇਜੇ ਜਾ ਚੁੱਕੇ ਹਨ ਅਤੇ 170 ਜਾਨਵਰ ਹੋਰ ਭੇਜੇ ਜਾਣੇ ਹਨ। ਇਸ ਮੱਦ ਨੂੰ ਮਤਾ ਨੰਬਰ 29 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਰਿਪੋਰਟ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਣਗੀ ਹਿੱਤ ਪੇਸ਼ ਹੈ ਜੀ।

**ਸ੍ਰ: ਹਰਮਿੰਦਰ ਸਿੰਘ, ਕੋਂਸਲਰ ਨੇ ਕਿਹਾ ਕਿ ਸਾਰੇ ਸ਼ਹਿਰ ਵਿੱਚੋਂ ਬੇਸਹਾਰਾ ਪਸ਼ੂ ਫੜ੍ਹ ਕੇ ਗਊਸ਼ਾਲਾਵਾਂ ਵਿੱਚ ਛੱਡੇ ਜਾਣ।**

**ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜੇਕਰ ਹਰਰਾਏ ਪੁਰ ਗਊਸ਼ਾਲਾ ਵਿੱਚ ਜਗ੍ਹਾ ਹੋਵੇ ਤਾਂ ਹੀ ਪਸ਼ੂ ਉੱਥੇ ਛੱਡੇ ਜਾਣ। ਇਸ ਸਬੰਧੀ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਅਤੇ ਸ਼੍ਰੀ ਸਤੀਸ਼ ਕੁਮਾਰ ਚੀਫ ਸੈਨਟਰੀ ਇੰਸਪੈਕਟਰ ਮੋਕਾ ਦੇਖ ਕੇ ਰਿਪੋਰਟ ਕਰਨਗੇ।**

| | |
|---|---|
| **ਮਤਾ ਨੰਬਰ 55 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 19 :**

ਰਿਪੋਰਟ ਵਰਕਸ ਸ਼ਾਖਾ ਕਿ ਰਿ-ਕੰਸ: ਆਫ ਸਲੱਜ ਕੈਰੀਅਰ ਵਿਦ ਆਰ.ਐਮ.ਸੀ. 15 ਫਰਾਮ ਲਸਾੜਾ ਡਰੇਨ ਟੂ ਕੋਟ ਸ਼ਮੀਰ ਰਕਬਾ ਅਪਟੂ ਗਹਿਰੀ ਫਾਟਕ ਦੇ ਕੰਮ ਦਾ ਤਖਮੀਨਾ ਮੁਬਲਿਗ 88.54 ਲੱਖ ਰੁਪਏ ਦਾ ਸੀ.ਐਸ.ਆਰ. ਰੇਟਾਂ ਦੇ ਆਧਾਰ ਤੇ ਤਿਆਰ ਕੀਤਾ ਗਿਆ ਹੈ। ਇਸ ਕੰਮ ਨੂੰ ਕਰਾਉਣ ਲਈ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਵੱਲੋਂ 80.00 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਜਾ ਰਹੀ ਹੈ, ਅਤੇ ਬਾਕੀ ਦੀ ਰਕਮ ਨਗਰ ਨਿਗਮ ਫੰਡ ਵਿੱਚੋਂ ਖਰਚ ਕੀਤੀ ਜਾਵੇਗੀ। ਇਸ ਤਖਮੀਨੇ ਵਿੱਚ ਸਲੱਜ ਕੈਰੀਅਰ ਨੂੰ ਲਸਾੜਾ ਡਰੇਨ ਤੋਂ ਲੈ ਕੇ ਗਹਿਰੀ ਭਾਗੀ ਫਾਟਕ ਤੱਕ ਕੰਕਰੀਟ ਕਰਨ ਦਾ ਉਪਬੰਧ ਕੀਤਾ ਗਿਆ ਹੈ।ਇਸ ਮੱਦ ਨੂੰ ਮਤਾ ਨੰਬਰ 32 ਮਿਤੀ 13.09.2019 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਇਹ ਤਖਮੀਨਾ ਤਕਨੀਕੀ ਤੇ ਪ੍ਰਸ਼ਾਸਕੀ ਪ੍ਰਵਾਨਗੀ ਲਈ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 56 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 20 :**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਲਾਨਾ ਦੇਖਭਾਲ ਸਕੀਮ ਸਾਲ 2019-2020 ਜਲ ਸਪਲਾਈ ਅਤੇ ਜਲ ਨਿਕਾਸ ਇਨ ਸੈਨੀਟੇਸ਼ਨ ਮੰਡਲ ਨੰਬਰ 3 ਬਠਿੰਡਾ ਦੇ ਕੰਮ ਅਧੀਨ ਕਾਰਜਕਾਰੀ ਇੰਜੀਨੀਅਰ, ਵ/ਸ ਅਤੇ ਸੈਨੀਟੇਸ਼ਨ ਮੰਡਲ ਨੰਬਰ 3 ਬਠਿੰਡਾ ਵੱਲੋਂ ਸਾਲ 2019-2020 ਦਾ ਤਖਮੀਨਾ 211.54 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਕੋਈ ਵੀ ਅਦਾਇਗੀ ਹਾਊਸ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਇਸ ਲਈ ਇਸ ਤਖਮੀਨੇ ਦੀ ਪ੍ਰਵਾਨਗੀ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 57 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 21 :**

ਰਿਪੋਰਟ ਰੈਂਟ ਸ਼ਾਖਾ ਕਿ ਆਲ ਇੰਡੀਆ ਵੂਮੈਨ ਕਾਨਫਰੰਸ ਬਠਿੰਡਾ ਨੂੰ ਸਾਲ 1959 ਵਿੱਚ 1190 ਵ: ਗਜ਼ ਜਗ੍ਹਾ ਲੀਜ਼ ਤੇ ਦਿੱਤੀ ਗਈ ਸੀ। ਉਸ ਸਮੇਂ ਤੋਂ ਲਗਾਤਾਰ ਲੀਜ਼ ਮਿਆਦ ਵਿੱਚ ਵਾਧਾ ਹੁੰਦਾ ਆ ਰਿਹਾ ਹੈ। ਇਸ ਸੰਸਥਾ ਵੱਲੋਂ ਮਿਤੀ 31.03.2017 ਤੱਕ ਦੀ ਬਣਦੀ ਬਕਾਇਆ ਲੀਜ਼ ਰਕਮ ਜੀ-8 ਨੰਬਰ 19/884 ਮਿਤੀ 17.07.2018 ਤੱਕ ਮੁਬਲਿਗ 7273/- ਰੁਪਏ ਦਫਤਰ ਜਮਾਂ ਕਰਵਾ ਦਿੱਤੀ ਗਈ ਹੈ। ਹੁਣ ਸੰਸਥਾ ਵੱਲੋਂ ਇਸ ਜਗ੍ਹਾ ਦੀ ਲੀਜ਼ ਡੀਡ ਮਿਆਦ ਵਧਾਉਣ ਲਈ ਬੇਨਤੀ ਕੀਤੀ ਹੈ। ਸੋ ਇਸ ਸੰਸਥਾ ਦੀ ਮਿਤੀ 01.04.2017 ਤੋਂ 31.07.2020 ਤੱਕ ਲੀਜ਼ ਡੀਡ ਵਧਾਉਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਇਹ ਜਗ੍ਹਾ ਦੇਸ ਰਾਜ ਸਕੂਲ ਦੇ ਪਾਸ ਹੈ। ਉਹਨਾਂ ਕਿਹਾ ਕਿ ਇਸ ਏਰੀਏ ਦੇ ਨੇੜੇ-ਤੇੜੇ ਕੋਈ ਵੀ ਪਾਰਕ ਅਤੇ ਕੋਈ ਓਪਨ ਜਿੰਮ ਨਾ ਹੋਣ ਕਾਰਨ ਲੋਕਾਂ ਦੀ ਸਿਹਤ ਤੇ ਬਹੁਤ ਜਿਆਦਾ ਮਾੜਾ ਅਸਰ ਵੇਖਣ ਨੂੰ ਮਿਲਦਾ ਹੈ। ਇਸ ਲਈ ਯੋਗ ਹੋਵੇਗਾ ਕਿ ਆਲ ਇੰਡੀਆ ਵੂਮੈਨ ਕਾਨਫਰੰਸ ਬਠਿੰਡਾ ਨੂੰ ਲੀਜ਼ ਤੇ ਦਿੱਤੀ ਜਗ੍ਹਾ ਦੀ ਲੀਜ਼ ਮਿਆਦ ਵਿੱਚ ਵਾਧਾ ਨਾ ਕਰਕੇ ਇਸ ਜਗ੍ਹਾ ਪਬਲਿਕ ਲਈ ਪਾਰਕ ਬਣਾ ਦਿੱਤਾ ਜਾਵੇ ਅਤੇ ਇਸ ਪਾਰਕ ਵਿੱਚ ਓਪਨ ਏਅਰ ਜਿੰਮ ਲਗਾਇਆ ਜਾਵੇ। ਉਹਨਾਂ ਇਸ ਸਬੰਧੀ ਸਬ-ਕਮੇਟੀ ਬਣਾ ਕੇ ਵਿਚਾਰ ਕਰਨ ਲਈ ਮੰਗ ਕੀਤੀ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਜਤਾਈ ਗਈ।

| | |
|---|---|
| **ਮਤਾ ਨੰਬਰ 58 :** | **ਪਾਸ ਕੀਤਾ ਗਿਆ ਕਿ ਇਸ ਸਬੰਧੀ ਕੋਈ ਵੀ ਫੈਸਲਾ ਲੈਣ ਖਾਤਰ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਸਬ-ਕਮੇਟੀ ਦੀ ਰਿਪੋਰਟ ਆਉਣ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਤੱਦ ਤੱਕ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

ਏਜੰਡਾ ਨੰਬਰ: 22:

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1 | S/E of Socket Point with Cable for Grass Cutter Machine in Parks | 6.38 |
| 2 | ਕੰਸ: ਆਫ ਸ਼ੈਡ ਫਾਰ ਡੋਰ ਟੂ ਡੋਰ ਕੂਲੈਕਸ਼ਨ ਟਿੱਪਰ ਨੀਅਰ ਰਾਜਿੰਦਰਾ ਕਾਲਜ | 15.00 |
| 3 | ਸਪਲਾਈ ਆਫ ਲੇਬਰ ਫਾਰ ਮੈਨਟੀਨੈਂਸ ਆਫ ਰੋਡ ਸਾਇਡ ਪਲਾਂਟੇਸ਼ਨ ਫਾਰ ਵਨ ਈਅਰ | 21.29 |
| 4 | ਸਪਲਾਈ ਆਫ ਲੇਬਰ ਫਾਰ ਮੈਨਟੀਨੈਂਸ ਆਫ ਰੋਜ਼ ਗਾਰਡਨ ਫਾਰ ਵਨ ਈਅਰ | 29.27 |
| 5 | ਸਪਲਾਈ ਆਫ ਲੇਬਰ ਫਾਰ ਮੈਨਟੀਨੈਂਸ ਆਫ ਸਿਟੀ ਪਾਰਕਸ ਫਾਰ ਵਨ ਈਅਰ | 33.26 |
| 6 | ਸਪਲਾਈ ਆਫ ਲੇਬਰ ਫਾਰ ਮੈਨਟੀਨੈਂਸ ਆਫ ਜ਼ੋਗਰ ਪਾਰਕ ਫਾਰ ਵਨ ਈਅਰ | 24.37 |
| 7 | ਸਪਲਾਈ ਆਫ 3 ਨੰਬਰ ਹੈਵੀ ਵਹੀਕਲ ਡਰਾਈਵਰ ਫਾਰ ਫਾਇਰ ਬ੍ਰਿਗੇਡ | 5.08 |
| 8 | ਸਪਲਾਈ ਆਫ ਲੇਬਰ ਸਲੱਜ ਕੈਰੀਅਰ ਦੀ ਦੇਖਭਾਲ ਕਰਨਾ | 7.98 |
| 9 | Supply of Shallmax is an instant material for the road repair | 25.60 |
| 10 | Supply of Cement for Road Gang for the year 2019-20 | 6.50 |
| 11 | Supply of labour for Diesel Engine at different parts in the city | 7.98 |
| 12 | Supply of 14 Nos. Beldar & 2 Mistri for one year | 21.53 |

ਕੇਸ ਹਾਊਸ ਦੇ ਵਿਚਾਰ ਹਿੱਤ।

ਸ੍ਰ: ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਲਾਲ ਸਿੰਘ ਬਸਤੀ ਵਿਖੇ ਸੀਵਰੇਜ਼ ਦੀਆਂ ਕਈ ਪਾਈਪਾਂ ਟੁੱਟ ਚੁੱਕੀਆਂ ਹਨ। ਉਹਨਾਂ ਮੰਗ ਕੀਤੀ ਕਿ ਇਹਨਾਂ ਨੂੰ ਜਲਦ ਤੋਂ ਜਲਦ ਬਦਲਿਆ ਜਾਵੇ, ਤਾਂ ਜੋ ਲੋਕਾਂ ਨੂੰ ਆ ਰਹੀ ਦਿੱਕਤ ਨੂੰ ਦੂਰ ਕੀਤਾ ਜਾ ਸਕੇ।

ਉਹਨਾਂ ਇਹ ਵੀ ਮੰਗ ਕੀਤੀ ਕਿ ਸ਼੍ਰੀ ਵਿਜੈ ਕੁਮਾਰ, ਜੋ ਕਿ ਇਸ ਸਮੇਂ ਪਬਲਿਕ ਟਾਇਲਟ ਤੇ ਠੇਕੇਦਾਰ ਪਾਸ ਕੰਮ ਕਰ ਰਿਹਾ ਹੈ, ਨੂੰ ਨਗਰ ਨਿਗਮ ਵਿਖੇ ਕੰਮ ਕਰਨ ਲਈ ਆਊਟਸੋਰਸ ਤੇ ਲੈ ਲਿਆ ਜਾਵੇ।

| | |
|---|---|
| **ਮਤਾ ਨੰਬਰ 59 :** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਵਿੱਚ ਮਰਨ ਵਾਲੇ ਪਸ਼ੂਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਲਈ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਕੀਤੇ ਵਿਚਾਰ ਵਟਾਂਦਰੇ ਅਨੁਸਾਰ ਰੈਂਡਰਿੰਗ ਪਲਾਂਟ ਲਗਾਉਣਾ ਪਾਸ ਕੀਤਾ ਜਾਂਦਾ ਹੈ।** |

**ਏਜੰਡਾ ਨੰਬਰ 23:**

ਦਫਤਰੀ ਰਿਪੋਰਟ ਕਿ ਮੁੱਹਲਾ ਨਿਵਾਸੀ, ਨਵੀਂ ਬਸਤੀ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਨਵੀਂ ਬਸਤੀ ਦਾ ਨਾਮ ਨਿਓ ਐਨਕਲੇਵ ਰੱਖਿਆ ਜਾਵੇ।

ਉਕਤ ਦੇ ਸਬੰਧ ਵਿੱਚ ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4 ਸ.ਸ. 3/156760/1-3 ਮਿਤੀ 03.02.2014 ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟੇਗਰੀਆਂ ਵਿੱਚੋਂ ਹੀ ਰੱਖਿਆ ਜਾ ਸਕੇਗਾ:-

(ਬ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।
- ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ (Recognition) ਪ੍ਰਾਪਤ ਵਿਅਕਤੀ।
- ਗਲੰਟਰੀ ਅਵਾਰਡ ਪ੍ਰਾਪਤ ਵਿਅਕਤੀ
- ਅਜਿਹੇ ਸੁਤੰਤਰਤਾ ਸੰਗਰਾਮੀ, ਜਿੰਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੇ ਹੋਏ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।
- ਅਜਿਹੇ ਸੁਤੰਤਰਤਾ ਸੰਗਰਾਮੀ, ਜਿੰਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।
- ਉੱਘੇ ਵਿਅਕਤੀ, ਜਿੰਨ੍ਹਾਂ ਨੇ ਸਮਾਜ ਦੀ ਭਲਾਈ - ਜਿਵੇਂ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾਂ ਆਦਿ - ਦੇ ਕੰਮਾਂ ਵਿੱਚ ਕੋਈ ਵਿਸ਼ੇਸ਼ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜਰੂਰੀ ਸਮਝਿਆ ਜਾਵੇ।
- ਕੋਈ ਹੋਰ ਉੱਘੀ ਸ਼ਖਸੀਅਤ, ਜੋ ਉਕਤ ਕੈਟਾਗਰੀਆਂ ਵਿੱਚ ਸ਼ਾਮਲ ਨਹੀਂ ਹੈ।

(ਭ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅਜੰਡਾ ਆਈਟਮ ਵੱਜੋਂ ਸਪਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ਣ) ਜੇਕਰ ਕਿਸੇ ਜਗ੍ਹਾ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮੱਰਥ ਅਥਾਰਟੀ ਤੋਂ ਪ੍ਰਵਾਨ ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਨੁਕਤਾ (ਣ) ਅਨੁਸਾਰ ਨਾਮ ਤਬਦੀਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 60 :** | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਸ ਸਬੰਧੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ।** |
|---|---|

**ਏਜੰਡਾ ਨੰਬਰ 24:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਪੰਜਾਬ ਮਿਉਂਸਪਲ ਬਿਲਡਿੰਗ ਬਾਈਲਾਜ਼ 2018 ਦੇ Chapter-X ਅਨੁਸਾਰ ਇਮਾਰਤ ਦਾ ਨਕਸ਼ਾ ਪਾਸ ਕਰਨ ਸਮੇਂ ਰਿਹਾਇਸ਼ੀ ਮਕਾਨ ਜਿੰਨ੍ਹਾਂ ਦੇ ਪਲਾਟ ਦਾ ਏਰੀਆ 100 ਵਰਗ ਮੀਟਰ (120 ਵ: ਗਜ਼) ਜਾਂ ਇਸ ਤੋਂ ਵੱਧ ਹੈ ਅਤੇ ਗੈਰ-ਰਿਹਾਇਸ਼ੀ ਸਾਰੇ ਪਲਾਟਾਂ ਦੇ ਸਾਇਜ਼ ਦੇ ਨਕਸ਼ਿਆਂ ਲਈ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਦੀ ਪ੍ਰੋਵੀਜ਼ਨ ਨੂੰ ਲਾਗੂ ਕੀਤਾ ਗਿਆ ਹੈ। ਆਮ ਤੋਰ ਤੇ ਵੇਖਿਆ ਗਿਆ ਹੈ ਕਿ ਉਸਾਰੀਕਾਰ ਵੱਲੋਂ ਨਕਸ਼ੇ ਵਿੱਚ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਪਾਸ ਹੋਣ ਦੇ ਬਾਵਜੂਦ ਵੀ ਨਹੀਂ ਲਗਾਇਆ ਜਾਂਦਾ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਵਿੱਚ ਸਹਾਇਕ ਨਹੀਂ ਹੋ ਰਿਹਾ, ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਨਗਰ ਨਿਗਮ ਬਠਿੰਡਾ ਵੱਲੋਂ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਨੂੰ ਪ੍ਰਭਾਵੀ ਤਰੀਕੇ ਨਾਲ ਲਗਵਾਉਣ ਦੇ ਸਬੰਧ ਵਿੱਚ ਕੋਈ ਸਕਿਊਰਟੀ ਨਹੀਂ ਰੱਖੀ ਗਈ, ਜਿਸ ਕਰਕੇ ਨਿਗਮ ਦਫਤਰ ਵੱਲੋਂ ਵਿਚਾਰ ਕੀਤਾ ਗਿਆ ਕਿ ਪੰਜਾਬ ਦੀਆਂ ਹੋਰ ਨਗਰ ਨਿਗਮਾਂ ਦੀ ਤਰ੍ਹਾਂ ਅਤੇ ਬਿਲਡਿੰਗ ਬਾਈਲਾਜ਼ ਦੀ ਪਾਲਣਾਂ ਹਿੱਤ ਨਗਰ ਨਿਗਮ ਬਠਿੰਡਾ ਵਿਖੇ ਉਸਾਰੀਕਾਰ ਵੱਲੋਂ ਆਪਣੇ ਪਲਾਟ ਵਿੱਚ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਲਾਉਣ ਦੇ ਇਵਜ਼ ਵਿੱਚ ਨਕਸ਼ੇ ਦੀਆਂ ਫੀਸਾਂ ਨਾਲ ਸਕਿਊਰਟੀ ਫੀਸ ਰੱਖ ਲਈ ਜਾਵੇ। ਰਿਹਾਇਸ਼ੀ ਨਕਸ਼ੇ ਜਿੰਨ੍ਹਾਂ ਦੇ ਪਲਾਟ ਦਾ ਏਰੀਆ 100 ਵ: ਮੀਟਰ (120 ਵ: ਗਜ਼) ਜਾਂ ਇਸ ਤੋਂ ਵੱਧ ਹੈ ਅਤੇ ਸਾਰੇ ਸਾਈਜ਼ਾਂ ਦੇ ਗੈਰ-ਰਿਹਾਇਸ਼ੀ ਪਲਾਟਾਂ ਦੇ ਨਕਸ਼ਿਆਂ ਪਾਸੋਂ 500 ਵ: ਗਜ਼ ਤੱਕ 25,000/- ਅਤੇ 500 ਵ: ਗਜ਼ ਤੋਂ ਉਪਰ 50,000/- ਰੁਪਏ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਲਗਾਉਣ ਦੇ ਇਵਜ਼ ਵਿੱਚ ਸਕਿਊਰਟੀ ਰੱਖ ਲਈ ਜਾਵੇ।

ਇਸੇ ਤਰ੍ਹਾਂ ਕਲੋਨੀਆਂ ਦੇ ਨਕਸ਼ੇ ਪਾਸ ਕਰਨ ਸਮੇਂ ਕਲੋਨਾਇਜ਼ਰ ਪਾਸੋਂ ਘੱਟੋ-ਘੱਟ 5.00 ਲੱਖ ਰੁਪਏ ਸਕਿਊਰਟੀ ਫੀਸ ਜਾਂ 50 ਹਜ਼ਾਰ ਰੁਪਏ ਪ੍ਰਤੀ ਏਕੜ ਜਾਂ ਦੋਵਾਂ ਵਿੱਚੋਂ ਜੋ ਵੱਧ ਰਾਸ਼ੀ ਬਣਦੀ ਹੈ ਬਤੌਰ ਸਕਿਊਰਟੀ ਰਾਸ਼ੀ ਰੱਖ ਲਈ ਜਾਵੇ ਤਾਂ ਜੋ ਰੇਨ ਵਾਟਰ ਹਾਰਵੇਸਟਿੰਗ ਦੀ ਪ੍ਰੋਵੀਜ਼ਨ ਸਹੀ ਤਰੀਕੇ ਨਾਲ ਲਾਗੂ ਹੋ ਸਕੇ। ਉਸਾਰੀਕਾਰ/ ਕਲੋਨਾਈਜ਼ਰ ਵੱਲੋਂ ਆਪਣੇ ਪਲਾਟ/ ਕਲੋਨੀ ਵਿੱਚ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਲਗਾਉਣ ਉਪਰੰਤ ਇਹ ਸਕਿਊਰਟੀ ਵਾਪਸ ਕਰ ਦਿੱਤੀ ਜਾਵੇਗੀ। ਉਕਤ ਸਕਿਊਰਟੀ ਫੀਸ ਨਿਸ਼ਚਿਤ ਕਰਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਬਰਸਾਤਾਂ ਦੋਰਾਨ ਨਗਰ ਨਿਗਮ ਵੱਲੋਂ ਸ਼ਹਿਰ ਦੇ ਬਰਸਾਤੀ ਪਾਣੀ ਦੀ ਨਿਕਾਸੀ ਕਰਨਾ ਬਹੁਤ ਔਖਾ ਹੁੰਦਾ ਹੈ। ਇਸਤੋਂ ਇਲਾਵਾ ਧਰਤੀ ਦਾ ਪਾਣੀ ਦਿਨ ਬ ਦਿਨ ਹੇਠਾਂ ਉਤਰਦਾ ਜਾ ਰਿਹਾ ਹੈ, ਜਿਸ ਨਾਲ ਭੱਵਿਖ ਵਿੱਚ ਪਾਣੀ ਦੀ ਬਹੁਤ ਜਿਆਦਾ ਕਿਲੱਤ ਹੋ ਜਾਵੇਗੀ। ਇਸ ਨਾਲ ਆਉਣ ਵਾਲੀਆਂ ਪੀੜੀਆਂ ਤੇ ਬਹੁਤ ਜਿਆਦਾ ਮਾੜਾ ਅਸਰ ਪਵੇਗਾ। ਉਹਨਾਂ ਬੇਨਤੀ ਕੀਤੀ ਕਿ ਇਸ ਮੱਦ ਨੂੰ ਪ੍ਰਵਾਨ ਕਰ ਲਿਆ ਜਾਵੇ, ਤਾਂ ਜੋ ਭੱਵਿਖ ਵਿੱਚ ਆਉਣ ਵਾਲੀਆਂ ਪੀੜੀਆਂ ਨੂੰ ਦਿੱਕਤਾ ਦਾ ਸਾਹਮਣਾ ਨਾ**

ਕਰਨਾ ਪਵੇ। ਇਸਤੋਂ ਇਲਾਵਾ ਬਿਲਡਿੰਗ ਸ਼ਾਖਾ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਇਸ ਵਿੱਚ ਛੱਤਾਂ ਤੋਂ ਸਿਰਫ ਬਰਸਾਤੀ ਪਾਣੀ ਹੀ ਜਾਵੇਗਾ। ਇਸ ਵਿੱਚ ਕੋਈ ਨਹਾਉਣ ਜਾਂ ਕਪੜੇ ਧੋਣ ਵਾਲਾ ਪਾਣੀ ਨਹੀਂ ਜਾਵੇਗਾ।

**ਮੀਟਿੰਗ ਵਿੱਚ ਹਾਜ਼ਰ ਕੌਂਸਲਰ ਸਾਹਿਬਾਨ ਦੇ ਪੁੱਛਣ ਤੇ ਕਿ ਕੀ 100 ਗਜ਼ ਜਾਂ 500 ਗਜ਼ ਤੱਕ ਦੀਆਂ ਬਿਲਡਿੰਗਾਂ ਤੇ ਲਗਣ ਵਾਲੇ ਰੇਨ ਹਾਰਵੇਸਟਿੰਗ ਸਿਸਟਮ ਦੇ ਰੇਟ ਵੱਖ-ਵੱਖ ਹਨ ਤਾਂ ਕਮਿਸ਼ਨਰ ਸਾਹਿਬ ਨੇ ਦਸਿਆ ਕਿ 100 ਗਜ਼ ਚਾਹੇ 500 ਗਜ਼, ਰੇਨ ਹਾਰਵੇਸਟਿੰਗ ਸਿਸਟਮ ਲਗਾਉਣ ਤੇ ਇੱਕੋ ਜਿਹਾ ਖਰਚਾ ਹੀ ਆਉਂਦਾ ਹੈ।**

**ਇਸਤੇ ਮੀਟਿੰਗ ਵਿੱਚ ਹਾਜ਼ਰ ਕੌਂਸਲਰ ਸਾਹਿਬਾਨ ਨੇ ਰੇਟ ਘਟਾਉਣ ਅਤੇ ਸਿਸਟਮ ਨਾ ਲਗਾਉਣ ਤੇ ਜੁਰਮਾਨਾ ਲਗਾਉਣ ਦੀ ਮੰਗ ਕੀਤੀ।**

| | |
|---|---|
| **<u>ਮਤਾ ਨੰਬਰ 61 :</u>** | **ਪਾਸ ਕੀਤਾ ਜਾਂਦਾ ਹੈ ਕਿ<br>1. ਰਿਹਾਇਸ਼ੀ ਨਕਸ਼ੇ ਜਿੰਨ੍ਹਾਂ ਦੇ ਪਲਾਟ ਦਾ ਏਰੀਆ 100 ਵ: ਮੀਟਰ (120 ਵ: ਗਜ਼) ਤੱਕ - ਮੁਆਫ<br>2. 100 ਵ: ਮੀਟਰ (120 ਵ: ਗਜ਼) ਤੋਂ ਵੱਧ ਅਪਟੂ 500 ਗਜ਼ ਤੱਕ - ਰਿਹਾਇਸ਼ੀ 5,000/- ਰੁਪਏ<br>3. 100 ਵ: ਮੀਟਰ (120 ਵ: ਗਜ਼) ਤੋਂ ਵੱਧ ਅਪਟੂ 500 ਗਜ਼ ਤੱਕ - ਗੈਰ ਰਿਹਾਇਸ਼ੀ 10,000/- ਰੁਪਏ<br>4. 500 ਵ: ਗਜ਼ ਤੋਂ ਉਪਰ ਰਿਹਾਇਸ਼ੀ ਅਤੇ ਗੈਰ ਰਿਹਾਇਸ਼ੀ - 20,000/- ਰੁਪਏ<br>5. ਕਲੋਨੀਆਂ ਦੇ ਨਕਸ਼ੇ ਪਾਸ ਕਰਨ ਸਮੇਂ ਕਲੋਨਾਇਜ਼ਰ ਪਾਸੋਂ ਘੱਟੋ-ਘੱਟ 5.00 ਲੱਖ ਰੁਪਏ ਸਕਿਉਰਟੀ ਫੀਸ ਜਾਂ 50 ਹਜ਼ਾਰ ਰੁਪਏ ਪ੍ਰਤੀ ਏਕੜ ਜਾਂ ਦੋਵਾਂ ਵਿੱਚੋਂ ਜੋ ਵੱਧ ਰਾਸ਼ੀ ਬਣਦੀ ਹੈ ਬਤੌਰ ਸਕਿਉਰਟੀ ਰਾਸ਼ੀ ਰੱਖ ਲਈ ਜਾਵੇ।<br>6. ਜੇਕਰ ਕਿਸੇ ਵੀ ਸਬੰਧਤ ਵਿਅਕਤੀ ਵੱਲੋਂ ਰੇਨ ਹਾਰਵੇਸਟਿੰਗ ਸਿਸਟਮ ਨਹੀਂ ਲਗਾਇਆ ਜਾਂਦਾ ਤਾਂ ਉਸ ਪਾਸੋਂ ਉਕਤ ਸਕਿਉਰਟੀ ਰਕਮ ਜਬਤ ਕਰਦੇ ਹੋਏ ਵਿਅਕਤੀਆਂ ਵੱਲੋਂ ਦਿੱਤੀਆਂ ਰਕਮਾਂ ਵਿਰੁੱਧ ਡਬਲ ਜੁਰਮਾਨਾ ਵੀ ਚਾਰਜ਼ ਕੀਤਾ ਜਾਵੇ ਅਤੇ ਨਗਰ ਨਿਗਮ ਵੱਲੋਂ ਦਿੱਤੀਆਂ ਜਾਣ ਵਾਲੀਆਂ ਮੁੱਢਲੀਆਂ ਸੇਵਾਵਾਂ ਵਿਦਡਰਾਅ ਕਰ ਲਈਆਂ ਜਾਣ, ਤਾਂ ਜੋ ਰੇਨ ਵਾਟਰ ਹਾਰਵੇਸਟਿੰਗ ਦੀ ਪ੍ਰੋਵੀਜ਼ਨ ਸਹੀ ਤਰੀਕੇ ਨਾਲ ਲਾਗੂ ਹੋ ਸਕੇ।** |

**<u>ਏਜੰਡਾ ਨੰਬਰ 25:</u>**

ਰਿਪੋਰਟ ਵਰਕਸ ਸ਼ਾਖਾ ਕਿ ਜਿਲ੍ਹਾ ਵਿਕਾਸ ਕਮੇਟੀ, ਬਠਿੰਡਾ ਵੱਲੋਂ ਹੇਠ ਲਿਖੇ ਕੰਮਾਂ ਨੂੰ ਪੱਤਰ ਨੰਬਰ 403-407 ਐਲ.ਐਫ.ਏ. ਮਿਤੀ 08.02.2019 ਰਾਹੀਂ ਪਾਸ ਕੀਤੇ ਗਏ ਹਨ :

| ਲੜੀ ਨੰ: | ਕੰਮ ਦਾ ਨਾਮ | ਏਜੰਸੀ | ਵਰਕ ਆਰਡਰ | ਤਖਮੀਨਾ ਰਾਸ਼ੀ | | ਟੈਂਡਰ ਅਮਾਊਂਟ | |
|---|---|---|---|---|---|---|---|
| | | | | Const. of Senior Citizen Home | Const. of Toilet Block at Rose Garden | Const. of Senior Citizen Home | Const. of Toilet Block at Rose Garden |
| 1. | Const. of Senior Citizen Home and Toilet Block at Rose Garden | The Jodhpur Bagga Singh Co-op L/C Society Ltd. | 68/ਵ ਮਿਤੀ 19.07.2019 | 18.43 ਲੱਖ ਰੁਪਏ | 10.95 ਲੱਖ ਰੁਪਏ | 13,59,212/- | 8,07,562/- |

ਲੜੀ ਨੰਬਰ 1 ਵਿੱਚ ਦਰਜ਼ ਕੰਮ ਨੂੰ ਇਸ ਦਫਤਰ ਦੇ ਵਰਕ ਆਰਡਰ ਨੰਬਰ 68/ਵ ਮਿਤੀ 19.07.2019 ਰਾਹੀਂ The Jodhpur Bagga Singh Co-op L/C Society Ltd. ਏਜੰਸੀ ਨੂੰ ਅਲਾਟ ਕੀਤਾ ਹੋਇਆ ਹੈ। ਇਸਤੋਂ ਇਲਾਵਾ ਇਸ ਕੰਮ ਦਾ ਟੈਂਡਰ ਇਕ ਹੋਰ ਕੰਮ Const. of Senior Citizen Home ਨਾਲ ਕਲੱਬ ਕਰਕੇ ਲਗਾਇਆ ਗਿਆ ਸੀ। ਜਿਸ ਵਿੱਚੋਂ ਕੰਸ: ਆਫ ਟਾਇਲਟ ਏਟ ਰੋਜ਼ ਗਾਰਡਨ ਦਾ ਕੰਮ ਮੌਕੇ ਤੇ ਸ਼ੁਰੂ ਹੋ ਗਿਆ ਹੈ, ਜਿਸਦੀ ਤਖਮੀਨਾ ਰਾਸ਼ੀ 10.95 ਲੱਖ ਰੁਪਏ ਅਤੇ ਟੈਂਡਰ ਅਮਾਊਂਟ 8,07,562/- ਰੁਪਏ ਹੈ। ਇਸਤੋਂ ਇਲਾਵਾ ਇਹ ਕੰਮ ਲਗਭਗ 60% ਮੁਕੰਮਲ ਹੋ ਚੁੱਕਾ ਹੈ। ਇੱਥੇ ਇਹ ਦਸਣਯੋਗ ਹੈ ਕਿ ਨਗਰ ਨਿਗਮ ਹਾਊਸ ਵੱਲੋਂ ਆਪਣੇ ਮਤਾ ਨੰਬਰ 109 ਮਿਤੀ 08.02.2019 ਰਾਹੀਂ ਇਹ ਕੰਮ Urban Environment Improvement Grant ਵਿੱਚੋਂ ਕਰਵਾਇਆ ਜਾਣਾ ਪਾਸ ਕੀਤਾ ਸੀ। ਹੁਣ ਜਿਲ੍ਹਾ ਵਿਕਾਸ ਕਮੇਟੀ ਵੱਲੋਂ ਉਕਤ ਕੰਮਾਂ ਨੂੰ ਆਪਣੇ ਪੱਤਰ ਨੰਬਰ 2464-68 ਮਿਤੀ 19.09.2019 ਰਾਹੀਂ ਰੱਦ ਕਰ ਦਿੱਤੇ ਗਏ ਹਨ।

ਉਕਤ ਅਨੁਸਾਰ ਲੜੀ ਨੰਬਰ 1 ਵਿੱਚ ਦਰਜ਼ ਕੰਮ ਟਾਇਲਟ ਏਟ ਰੋਜ਼ ਗਾਰਡਨ ਦੀ ਅਦਾਇਗੀ MC Funds ਵਿੱਚੋਂ ਕਰਨ ਅਤੇ ਦੂਜੇ ਕੰਮ Const. of Senior Citizen Home ਦੇ ਕੰਮ ਨੂੰ ਜਿਲ੍ਹਾ ਵਿਕਾਸ ਕਮੇਟੀ ਦੀਆਂ

ਹਦਾਇਤਾਂ ਅਨੁਸਾਰ ਰੱਦ ਕਰਨ ਅਤੇ ਇਸਦੀ ਸੂਚਨਾਂ ਸਬੰਧਤ ਏਜੰਸੀ ਨੂੰ ਭੇਜਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Rs. 8,07,562/- against work of Const. of Toilet Block in Rose Garden, Bathinda is required as work has been withdrawn from grant of UEIP and work has already been executed. May be sent to House, please.

ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਹੋਮ ਬਨਾਉਣਾ ਇਹ ਅਹਿਮ ਮਸਲਾ ਹੈ। ਉਹਨਾਂ ਕਿਹਾ ਕਿ ਇਸਨੂੰ ਬਨਾਉਣ ਸਬੰਧੀ ਪਿਛਲੇ ਹਾਊਸ ਵੱਲੋਂ ਵੀ ਵਾਅਦਾ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਕਿਸੇ ਵੀ ਸ਼ਹਿਰ ਦੇ ਸੀਨੀਅਰ ਸਿਟੀਜ਼ਨ ਨੂੰ ਰੱਬ ਦਾ ਦਰਜ਼ਾ ਦਿੱਤਾ ਜਾਂਦਾ ਹੈ। ਇਹ ਸੀਨੀਅਰ ਸਿਟੀਜ਼ਨ ਚਾਨਣ ਮੁਨਾਰੇ ਹਨ। ਇਹਨਾਂ ਵਿੱਚ ਕਈ ਨਿਗਰਾਨ ਇੰਜੀਨੀਅਰ, ਨਿਗਮ ਇੰਜੀਨੀਅਰ, ਕਾਰਜ ਸਾਧਕ ਅਫਸਰ ਅਤੇ ਹੋਰ ਪੜ੍ਹੇ ਲਿਖੇ ਵਿਅਕਤੀ ਸ਼ਾਮਲ ਹਨ, ਜੋ ਸ਼ਹਿਰ ਦੇ ਭਲੇ ਲਈ ਵਿਚਾਰ ਸਾਂਝੇ ਕਰਨ ਖਾਤਰ ਕੋਈ ਜਗ੍ਹਾ/ਬਿਲਡਿੰਗ ਮੰਗ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਸਿਰਫ 300 ਗਜ਼ ਦੇ ਦਾਇਰੇ ਵਿੱਚ ਸੀਨੀਅਰ ਸਿਟੀਜ਼ਨ ਲਈ ਇੱਕ ਹਾਲ ਬਣਾਇਆ ਜਾਣਾ ਹੈ, ਜਿਸ ਵਿੱਚ ਸ਼ਹਿਰ ਦੇ ਬਜ਼ੁਰਗ ਵਿਅਕਤੀ ਸ਼ਹਿਰ ਦੇ ਭਲੇ ਲਈ ਆਪਣੇ ਵਿਚਾਰ ਸਾਂਝੇ ਕਰਕੇ ਫੈਸਲੇ ਲੈ ਸਕਣਗੇ।**

**ਕਮਿਸ਼ਨਰ ਸਾਹਿਬ ਨੇ ਕਿਹਾ ਕਿ ਸ਼ਹਿਰ ਅਤੇ ਬਾਹਰ ਤੋਂ ਆਉਣ ਵਾਲੇ ਵਿਅਕਤੀਆਂ ਵੱਲੋਂ ਦੇਖਣ ਖਾਤਰ ਸ਼ਹਿਰ ਵਿੱਚ ਸਿਰਫ ਜ਼ੋਗਰ ਪਾਰਕ ਅਤੇ ਰੋਜ਼ ਗਾਰਡਨ ਹੀ ਹਨ। ਜੇਕਰ ਇੰਨ੍ਹਾਂ ਵਿੱਚ ਸੀਨੀਅਰ ਸਿਟੀਜ਼ਨ ਹੋਮ ਬਣਾ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਲੋਕਾਂ ਨੂੰ ਘੁੰਮਣ ਫਿਰਨ ਖਾਤਰ ਜਗ੍ਹਾ ਘੱਟ ਜਾਵੇਗੀ। ਇਸ ਲਈ ਸੀਨੀਅਰ ਸਿਟੀਜ਼ਨ ਹੋਮ ਰੋਜ਼ ਗਾਰਡਨ ਵਿੱਚ ਨਾ ਬਣਾ ਕੇ ਕਿਸੇ ਹੋਰ ਢੁੱਕਵੀਂ ਜਗ੍ਹਾ ਬਣਾ ਲਿਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਵੀ ਬਜ਼ੁਰਗ ਵਿਅਕਤੀਆਂ ਦੇ ਸਮੂਹ ਵੱਲੋਂ ਸ਼ਹਿਰ ਦੇ ਭਲੇ ਲਈ ਕੋਈ ਮੀਟਿੰਗ ਕੀਤੀ ਜਾਣੀ ਹੈ ਤਾਂ ਉਹ ਪੁੱਡਾ/ਬੀ.ਡੀ.ਏ ਦੇ ਬਣੇ ਦੋ ਕੰਮਿਊਨਿਟੀ ਹਾਲ ਵਿੱਚ ਜਗ੍ਹਾ ਅਲਾਟ ਕਰਨ ਸਬੰਧੀ ਕਾਰਵਾਈ ਕਰਵਾ ਦੇਣਗੇ।**

**ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਕਮਿਸ਼ਨਰ ਸਾਹਿਬ ਸੀਨੀਅਰ ਸਿਟੀਜ਼ਨ ਹੋਮ ਬਨਾਉਣ ਖਾਤਰ ਮੰਨ ਗਏ ਹਨ। ਉਹਨਾਂ ਇਹ ਵੀ ਦਸਿਆ ਕਿ ਇਹ ਸੀਨੀਅਰ ਸਿਟੀਜ਼ਨ ਹੋਮ ਕਿਸੇ ਸੰਸਥਾ ਨੂੰ ਨਹੀਂ ਦਿੱਤਾ ਜਾਵੇਗਾ। ਉਹਨਾਂ ਆਲ ਇੰਡੀਆ ਵੂਮੈਨ ਕਾਨਫਰੰਸ ਵਾਲੀ ਜਗ੍ਹਾ ਤੇ ਸੀਨੀਅਰ ਸਿਟੀਜ਼ਨ ਹੋਮ ਬਨਾਉਣ ਦੀ ਮੰਗ ਕੀਤੀ। ਬਾਅਦ ਵਿੱਚ ਉਹਨਾਂ ਕਿਹਾ ਕਿ ਸੀਨੀਅਰ ਸਿਟੀਜ਼ਨ ਹੋਮ ਡੀ.ਏ.ਵੀ. ਕਾਲਜ ਟੋਭੇ ਵਾਲੀ ਜਗ੍ਹਾ ਤੇ ਬਣਨ ਜਾ ਰਹੇ ਨੇਤਾ ਜੀ ਸੁਭਾਸ਼ ਚੰਦਰ ਬੋਸ ਲੇਕ ਵਿਊ ਪਾਰਕ ਵਿਖੇ ਬਣਾ ਦਿੱਤਾ ਜਾਵੇ।**

**ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਕਿਸੇ ਵੀ ਸ਼ਹਿਰ ਦੇ ਬਜ਼ੁਰਗ ਆਦਰ ਸਤਿਕਾਰ ਦੇ ਪਾਤਰ ਹੁੰਦੇ ਹਨ। ਇਹਨਾਂ ਵਿੱਚੋਂ ਕਈ ਬਜ਼ੁਰਗ ਸ਼ਹਿਰ ਦੇ ਭਲੇ ਲਈ ਹਰ ਵਕਤ ਸਤੱਰਕ ਰਹਿੰਦੇ ਹਨ। ਸ਼ਹਿਰ ਦੇ ਭਲੇ ਲਈ ਯੋਗ ਹੋਵੇਗਾ ਕਿ ਇਹਨਾਂ ਬਜ਼ੁਰਗਾਂ ਦੇ ਲਈ ਕਿਸੇ ਵੀ ਢੁੱਕਵੀਂ ਜਗ੍ਹਾ ਤੇ ਸੀਨੀਅਰ ਸਿਟੀਜ਼ਨ ਹੋਮ ਤੁਰੰਤ ਬਣਾਇਆ ਜਾਣਾ ਯੋਗ ਹੋਵੇਗਾ।**

**ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਜੋਗਰ ਪਾਰਕ ਦੇ ਬਾਹਰ ਸਕਿਊਰਟੀ ਗਾਰਡ ਲਈ ਕੋਈ ਕਮਰਾ ਨਾ ਹੋਣ ਕਾਰਨ ਇਹਨਾਂ ਨੂੰ ਸਰਦੀ ਗਰਮੀ, ਧੁੱਪ-ਛਾਂ ਅਤੇ ਬਰਸਾਤਾਂ ਦੋਰਾਨ ਬਾਹਰ ਹੀ ਖੜ੍ਹੇ ਹੋਣਾ ਪੈਂਦਾ ਹੈ। ਉਹਨਾਂ ਸਕਿਊਰਟੀ ਗਾਰਡ ਲਈ ਇੱਕ ਚੈਕ ਪੋਸਟ ਬਨਾਉਣ ਦੀ ਮੰਗ ਕੀਤੀ। ਇਸਤੇ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਹਾਊਸ ਦੀ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਤਖਮੀਨਾ ਪੇਸ਼ ਕੀਤਾ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ।**

| | |
|---|---|
| **ਮਤਾ ਨੰਬਰ 62 :** | **ਰੋਜ਼ ਗਾਰਡਨ ਵਿਖੇ ਟਾਇਲਟ ਬਲਾਕ ਬਨਾਉਣਾ ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਸੀਨੀਅਰ ਸਿਟੀਜ਼ਨ ਹੋਮ ਸ਼ਹਿਰ ਵਿੱਚ ਕਿਸੇ ਢੁੱਕਵੀਂ ਜਗ੍ਹਾ ਜਾਂ ਇਸਨੂੰ ਡੀ.ਏ.ਵੀ. ਕਾਲਜ ਪੌਂਡ ਵਾਲੀ ਜਗ੍ਹਾ ਤੇ ਬਣਨ ਜਾ ਰਹੇ ਨੇਤਾ ਜੀ ਸੁਭਾਸ਼ ਚੰਦਰ ਬੋਸ ਲੇਕ ਵਿਊ ਪਾਰਕ ਵਿਖੇ ਬਣਾਇਆ ਜਾਵੇ। ਇਸ ਸੀਨੀਅਰ ਸਿਟੀਜ਼ਨ ਹੋਮ ਦਾ ਪ੍ਰਧਾਨ ਮੌਕੇ ਦੇ ਮੇਅਰ ਸਾਹਿਬ ਹੋਣਗੇ ਅਤੇ ਸਕੱਤਰ ਮੌਕੇ ਦੇ ਕਮਿਸ਼ਨਰ ਸਾਹਿਬ ਹੋਣਗੇ। ਇਸ ਹਾਲ ਵਿੱਚ ਹੋਣ ਵਾਲੀ ਕੋਈ ਵੀ ਮੀਟਿੰਗ ਮੌਕੇ ਦੇ ਮਾਨਯੋਗ ਮੇਅਰ ਸਾਹਿਬ ਜੀ ਦੀ ਇਜਾਜਤ ਨਾਲ ਹੀ ਕੀਤੀ ਜਾਵੇਗੀ।** |

**<u>ਏਜੰਡਾ ਨੰਬਰ 26:</u>**

ਰਿਪੋਰਟ ਵਰਕਸ ਸ਼ਾਖਾ ਕਿ ਜਿਲ੍ਹਾ ਵਿਕਾਸ ਕਮੇਟੀ, ਬਠਿੰਡਾ ਵੱਲੋਂ ਹੇਠ ਲਿਖੇ ਕੰਮਾਂ ਨੂੰ ਪੱਤਰ ਨੰਬਰ 403-407 ਐਲ.ਐਫ.ਏ. ਮਿਤੀ 08.02.2019 ਰਾਹੀਂ ਪਾਸ ਕੀਤੇ ਗਏ ਹਨ :

| ਲੜੀ ਨੰ: | ਕੰਮ ਦਾ ਨਾਮ | ਏਜੰਸੀ | ਵਰਕ ਆਰਡਰ |
|---|---|---|---|
| 1. | Laying PC 20 mm thick on 100ft. Road T.P. Scheme No. 3 Part 2 Left/Right side | Sh. Krishna Construction Company | 69/ਵ ਮਿਤੀ 19.07.2019 |

ਲੜੀ ਨੰਬਰ 1 ਵਿੱਚ ਦਰਜ਼ ਕੰਮ ਨੂੰ ਸ਼ੁਰੂ ਕਰਨ ਲਈ ਇਸ ਦਫਤਰ ਵੱਲੋਂ ਸਬੰਧਤ ਏਜੰਸੀ ਨੂੰ ਪੱਤਰ ਲਿਖਿਆ ਗਿਆ ਹੈ, ਪਰੰਤੂ ਫਰਮ ਵੱਲੋਂ ਅਜੇ ਕੰਮ ਸ਼ੁਰੂ ਨਹੀਂ ਕੀਤਾ ਹੈ। ਇੱਥੇ ਇਹ ਦਸਣਯੋਗ ਹੈ ਕਿ ਨਗਰ ਨਿਗਮ ਹਾਊਸ ਵੱਲੋਂ ਆਪਣੇ ਮਤਾ ਨੰਬਰ 109 ਮਿਤੀ 08.02.2019 ਰਾਹੀਂ ਇਹ ਕੰਮ Urban Environment Improvement Grant ਵਿੱਚੋਂ ਕਰਵਾਇਆ ਜਾਣਾ ਪਾਸ ਕੀਤਾ ਸੀ। ਹੁਣ ਜਿਲ੍ਹਾ ਵਿਕਾਸ ਕਮੇਟੀ ਵੱਲੋਂ ਉਕਤ ਕੰਮਾਂ ਨੂੰ ਆਪਣੇ ਪੱਤਰ ਨੰਬਰ 2464-68 ਮਿਤੀ 19.09.2019 ਰਾਹੀਂ ਰੱਦ ਕਰ ਦਿੱਤੇ ਗਏ ਹਨ।

ਇਸ ਲਈ ਲੜੀ ਨੰਬਰ 1 ਵਿੱਚ ਦਰਜ਼ ਕੰਮ ਦੇ ਟੈਂਡਰ ਨੂੰ ਕੈਂਸਲ ਕਰਨ ਅਤੇ ਇਸ ਦਾ ਕੰਮ ਮਿਉਂਸਪਲ ਫੰਡਜ਼ ਵਿੱਚੋਂ ਕਰਵਾਉਣ ਲਈ ਇਹ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 63 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 27:**

ਰਿਪੋਰਟ ਵਰਕਸ ਸ਼ਾਖਾ ਕਿ ਜਿਲ੍ਹਾ ਵਿਕਾਸ ਕਮੇਟੀ, ਬਠਿੰਡਾ ਵੱਲੋਂ ਹੇਠ ਲਿਖੇ ਕੰਮਾਂ ਨੂੰ ਪੱਤਰ ਨੰਬਰ 403-407 ਐਲ.ਐਫ.ਏ. ਮਿਤੀ 08.02.2019 ਰਾਹੀਂ ਪਾਸ ਕੀਤੇ ਗਏ ਹਨ :

| ਲੜੀ ਨੰ: | ਕੰਮ ਦਾ ਨਾਮ | ਏਜੰਸੀ | ਵਰਕ ਆਰਡਰ |
|---|---|---|---|
| 1. | Const. of Library at Rose Garden | M/s. Singla Brothers | 85/ਵ ਮਿਤੀ 19.07.2019 |
| 2. | Development of Canteen at Rose Garden | M/s. Singla Brothers | 83/ਵ ਮਿਤੀ 19.07.2019 |

ਲੜੀ ਨੰਬਰ 1,2 ਵਿੱਚ ਦਰਜ਼ ਕੰਮਾਂ ਨੂੰ ਸਬੰਧਤ ਏਜੰਸੀ ਵੱਲੋਂ ਅਜੇ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇੱਥੇ ਇਹ ਦਸਣਯੋਗ ਹੈ ਕਿ ਨਗਰ ਨਿਗਮ ਹਾਊਸ ਵੱਲੋਂ ਆਪਣੇ ਮਤਾ ਨੰਬਰ 109 ਮਿਤੀ 08.02.2019 ਰਾਹੀਂ ਇਹ ਕੰਮ Urban Environment Improvement Grant ਵਿੱਚੋਂ ਕਰਵਾਇਆ ਜਾਣਾ ਪਾਸ ਕੀਤਾ ਸੀ। ਹੁਣ ਜਿਲ੍ਹਾ ਵਿਕਾਸ ਕਮੇਟੀ ਵੱਲੋਂ ਉਕਤ ਕੰਮਾਂ ਨੂੰ ਆਪਣੇ ਪੱਤਰ ਨੰਬਰ 2464-68 ਮਿਤੀ 19.09.2019 ਰਾਹੀਂ ਰੱਦ ਕਰ ਦਿੱਤੇ ਗਏ ਹਨ।

ਇਸ ਲਈ ਲੜੀ ਨੰਬਰ 1,2 ਵਿੱਚ ਦਰਜ਼ ਕੰਮ ਦੇ ਟੈਂਡਰ ਨੂੰ ਕੈਂਸਲ ਕਰਨ ਹਿੱਤ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "If works are to be executed out of MC Funds, approval of House is reqd. The rates of agencies are valid till 19.10.19. May be allowed to send the proposal to House and cancel the W.O.

ਕੇਸ ਹਾਊਸ ਦੇ ਵਿਚਾਰ ਹਿੱਤ।

**ਮੀਟਿੰਗ ਵਿੱਚ ਵਿਚਾਰ ਕਰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਜੇਕਰ ਲਾਇਬਰੇਰੀ ਨੂੰ ਰੋਜ਼ ਗਾਰਡਨ ਵਿਖੇ ਬਣਾਇਆ ਜਾਂਦਾ ਹੈ ਤਾਂ ਇਸ ਨਾਲ ਰੋਜ਼ ਗਾਰਡਨ ਦੀ ਜਗ੍ਹਾ ਘਟੇਗੀ ਅਤੇ ਇਸਦਾ ਕੋਈ ਜਿਆਦਾ ਮਹੱਤਵ ਵੀ ਨਹੀਂ ਹੋਵੇਗਾ।**

**ਸ਼੍ਰੀ ਪੰਕਜ ਅਰੋੜਾ, ਕੌਂਸਲਰ ਸਾਹਿਬਾਨ ਨੇ ਕਿਹਾ ਕਿ ਸ਼ਹਿਰ ਵਿੱਚ ਕਈ ਅਜਿਹੀਆਂ ਸਲੱਮ ਬਸਤੀਆਂ ਹਨ, ਜਿੰਨ੍ਹਾਂ ਵਿੱਚ ਪੜਾਈ ਦਾ ਕੋਈ ਸਾਧਨ ਨਾ ਹੋਣ ਕਾਰਨ ਇਹਨਾਂ ਬਸਤੀਆਂ ਵਿੱਚ ਰਹਿ ਰਹੇ ਗਰੀਬ ਅਤੇ ਮਜ਼ਦੂਰ ਲੋਕਾਂ ਦੇ ਬੱਚੇ ਪੜਾਈ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਯੋਗ ਹੋਵੇਗਾ ਕਿ ਇਹਨਾਂ ਗਰੀਬ ਅਤੇ ਮਜ਼ਦੂਰ ਲੋਕਾਂ ਦੇ ਉੱਜਵਲ ਭੱਵਿਖ ਲਈ ਸਲੱਮ ਬਸਤੀਆਂ ਵਿੱਚ ਲਾਇਬਰੇਰੀ ਬਣਾ ਦਿੱਤੀ ਜਾਵੇ।**

**ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਸੰਜੇ ਨਗਰ, ਅਮਰਪੁਰਾ ਬਸਤੀ, ਸੰਗੂਆਣਾ ਬਸਤੀ, ਮਹਿਣਾ ਬਸਤੀ, ਨਰੂਆਣਾ ਰੋਡ, ਦੀਪ ਨਗਰ, ਬੰਗੀ ਨਗਰ ਅਤੇ ਇੰਨ੍ਹਾਂ ਦੇ ਨਾਲ ਲਗਦੇ ਹੋਰ ਕਈ ਇਲਾਕਿਆਂ ਵਿੱਚ ਗਰੀਬ ਅਤੇ ਮਜ਼ਦੂਰ ਲੋਕ ਰਹਿੰਦੇ ਹਨ। ਇਹਨਾਂ ਵਿਅਕਤੀਆਂ ਪਾਸ ਪੜਾਈ ਦਾ ਕੋਈ ਸਾਧਨ ਨਾ ਹੋਣ ਕਾਰਨ ਇਹ ਵਿਦਿਆ ਤੋਂ ਵਾਂਝੇ ਰਹਿ ਜਾਂਦੇ ਹਨ। ਉਹਨਾਂ ਡਾ: ਭੀਮ ਰਾਉ ਅੰਬੇਦਕਰ ਵਿਕਾਸ ਮੰਚ (ਰਜਿ:) ਬਠਿੰਡਾ ਦੇ ਸਕੱਤਰ ਸ਼੍ਰੀ ਸੁਰੇਸ਼ ਚੌਹਾਨ ਵੱਲੋਂ ਦਰਖਾਸਤ ਵਾਚਦੇ ਹੋਏ ਕਿਹਾ ਕਿ ਇਹਨਾਂ ਗਰੀਬ ਅਤੇ ਮਜ਼ਦੂਰ ਲੋਕਾਂ ਅਤੇ ਬੱਚਿਆਂ ਦੇ ਭੱਵਿਖ ਲਈ ਡਾ: ਭੀਮ ਰਾਉ ਅੰਬੇਦਕਰ ਲੇਕ ਐਂਡ ਵਿਊ ਪਾਰਕ ਵਾਲੀ ਜਗ੍ਹਾ ਤੇ ਲਾਇਬਰੇਰੀ ਬਣਾ ਦਿੱਤੀ ਜਾਵੇ ਤਾਂ ਜੋ ਇਹਨਾਂ ਲੋਕਾਂ ਨੂੰ ਫਾਇਦਾ ਮਿਲ ਸਕੇ।**

| | |
|---|---|
| **ਮਤਾ ਨੰਬਰ 64 :** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਲਾਇਬਰੇਰੀ ਨੂੰ ਡਾ: ਭੀਮ ਰਾਉ ਅੰਬੇਦਕਰ ਲੇਕ ਐਂਡ ਵਿਊ ਪਾਰਕ ਵਿਖੇ ਡਾ: ਭੀਮ ਰਾਉ ਅੰਬੇਦਕਰ ਲਾਇਬਰੇਰੀ ਦੇ ਨਾਮ ਤੇ ਮਿਉਸਪਲ ਫੰਡਾਂ ਵਿੱਚੋਂ ਬਣਾਇਆ ਜਾਵੇ। ਇਸਦੀ ਮਾਲਕੀ ਨਗਰ ਨਿਗਮ ਦੀ ਰਹੇਗੀ। ਪ੍ਰਧਾਨਗੀ ਮੌਕੇ ਦੇ ਮੇਅਰ ਸਾਹਿਬ ਕਰਨਗੇ ਅਤੇ ਸਕੱਤਰ ਮੌਕੇ ਦੇ ਕਮਿਸ਼ਨਰ ਸਾਹਿਬ ਹੋਣਗੇ। ਇਸਦਾ ਰੱਖ-ਰਖਾਵ ਨਗਰ ਨਿਗਮ ਵੱਲੋਂ ਕੀਤਾ ਜਾਵੇਗਾ।**<br>**ਰੋਜ਼ ਗਾਰਡਨ ਵਿਖੇ ਬਣਨ ਵਾਲੀ ਕੰਨਟੀਨ ਨੂੰ ਬਾਹਰ ਸੜ੍ਹਕ ਵਾਲੇ ਪਾਸੇ ਮਿਉਂਸਪਲ ਫੰਡਾਂ ਵਿੱਚੋਂ ਬਣਾਇਆ ਜਾਵੇ ਤਾਂ ਜੋ ਇਸ ਰਾਸਤੇ ਲੰਘਣ ਵਾਲੇ ਵਿਅਕਤੀਆਂ ਨੂੰ ਵੀ ਇਸਦਾ ਫਾਇਦਾ ਮਿਲ ਸਕੇ।** |

**ਏਜੰਡਾ ਨੰਬਰ 28:**

ਰਿਪੋਰਟ ਵਰਕਸ ਸ਼ਾਖਾ ਕਿ ਜਿਲ੍ਹਾ ਵਿਕਾਸ ਕਮੇਟੀ, ਬਠਿੰਡਾ ਵੱਲੋਂ ਹੇਠ ਲਿਖੇ ਕੰਮਾਂ ਨੂੰ ਪੱਤਰ ਨੰਬਰ 403-407 ਐਲ.ਐਫ.ਏ. ਮਿਤੀ 08.02.2019 ਰਾਹੀਂ ਪਾਸ ਕੀਤੇ ਗਏ ਹਨ :

| ਲੜੀ ਨੰ: | ਕੰਮ ਦਾ ਨਾਮ | ਏਜੰਸੀ | ਵਰਕ ਆਰਡਰ |
|---|---|---|---|
| 1. | ਕੰਸ: ਆਫ ਫੁੱਟਪਾਥ ਐਟ ਡੀ.ਏ.ਵੀ. ਪੌਂਡ ਪ/ਲ ਇੰਟਰਲਾਕਿੰਗ ਟਾਇਲਜ਼ ਇਨ ਪਾਰਕਿੰਗ ਏਰੀਆ ਆਫ ਡੀ.ਏ.ਵੀ. ਪੌਂਡ, ਮਿਸਲੇਨੀਅਸ ਵਰਕਸ ਐਟ ਡੀ.ਏ.ਵੀ. ਪੌਂਡ | ਸ਼੍ਰੀ ਸੀਤਾ ਰਾਮ ਠੇਕੇਦਾਰ | 102/ਵ ਮਿਤੀ 02.09.2019 |

ਉਕਤ ਕੰਮ ਨੂੰ ਇਸ ਦਫਤਰ ਦੇ ਵਰਕ ਆਰਡਰ ਨੰਬਰ 102/ਵ ਮਿਤੀ 02.09.2019 ਰਾਹੀਂ ਸ਼੍ਰੀ ਸੀਤਾ ਰਾਮ ਠੇਕੇਦਾਰ ਨੂੰ ਅਲਾਟ ਕੀਤਾ ਹੋਇਆ ਹੈ। ਪਰੰਤੂ ਫਰਮ ਵੱਲੋਂ ਅਜੇ ਤੱਕ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇੱਥੇ ਇਹ ਦਸਣਯੋਗ ਹੈ ਕਿ ਨਗਰ ਨਿਗਮ ਹਾਊਸ ਵੱਲੋਂ ਆਪਣੇ ਮਤਾ ਨੰਬਰ 109 ਮਿਤੀ 08.02.2019 ਰਾਹੀਂ ਇਹ ਕੰਮ Urban Environment Improvement Grant ਵਿੱਚੋਂ ਕਰਵਾਇਆ ਜਾਣਾ ਪਾਸ ਕੀਤਾ ਸੀ। ਹੁਣ ਜਿਲ੍ਹਾ ਵਿਕਾਸ ਕਮੇਟੀ ਵੱਲੋਂ ਉਕਤ ਕੰਮਾਂ ਨੂੰ ਆਪਣੇ ਪੱਤਰ ਨੰਬਰ 2464-68 ਮਿਤੀ 19.09.2019 ਰਾਹੀਂ ਰੱਦ ਕਰ ਦਿੱਤੇ ਗਏ ਹਨ।

ਉਕਤ ਕੰਮ ਨੂੰ ਜਿਲ੍ਹਾ ਵਿਕਾਸ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਰੱਦ ਕਰਨ ਅਤੇ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਾਨਯੋਗ ਮੇਅਰ ਸਾਹਿਬ ਨੇ ਧਿਆਨ ਵਿੱਚ ਲਿਆਂਦਾ ਕਿ ਇਸ ਕੰਮ ਸਬੰਧੀ ਮਾਨਯੋਗ ਵਿੱਤ ਮੰਤਰੀ ਜੀ ਪਾਸੋਂ ਗਰਾਂਟ ਪ੍ਰਾਪਤ ਹੋ ਚੁੱਕੀ ਹੈ। ਇਹ ਕੰਮ ਪ੍ਰਾਪਤ ਗਰਾਂਟ ਵਿੱਚੋਂ ਕਰਵਾਇਆ ਜਾਵੇਗਾ। ਇਸਤੇ ਸਮੁੱਚੇ ਹਾਊਸ ਨੇ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਦਾ ਧੰਨਵਾਦ ਕੀਤਾ।**

**ਮਾਨਯੋਗ ਮੇਅਰ ਸਾਹਿਬ ਨੇ ਇਹ ਵੀ ਬੇਨਤੀ ਕੀਤੀ ਕਿ ਸੰਜੇ ਨਗਰ, ਅਮਰਪੁਰਾ ਬਸਤੀ, ਸੰਗੂਆਣਾ ਬਸਤੀ, ਮਹਿਣਾ ਬਸਤੀ, ਨਰੂਆਣਾ ਰੋਡ, ਦੀਪ ਨਗਰ, ਬੰਗੀ ਨਗਰ ਅਤੇ ਇੰਨ੍ਹਾਂ ਦੇ ਨਾਲ ਲਗਦੇ ਹੋਰ ਕਈ ਇਲਾਕਿਆਂ ਵਿੱਚ ਗਰੀਬ ਅਤੇ ਮਜ਼ਦੂਰ ਲੋਕ ਰਹਿੰਦੇ ਹਨ। ਇਹਨਾਂ ਵਿਅਕਤੀਆਂ ਪਾਸ ਆਪਣੇ ਧਾਰਮਿਕ ਅਤੇ ਸਮਾਜਿਕ ਕੰਮਾਂ ਖਾਤਰ ਕੋਈ ਸਾਂਝੀ ਜਗ੍ਹਾ ਨਾਂ ਹੋਣ ਕਾਰਨ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰ ਦੇ ਮੈਰਿਜ਼ ਪੈਲੇਸਾਂ ਵਾਲਿਆਂ ਵੱਲੋਂ ਬਹੁਤ ਜਿਆਦਾ ਪੈਸੇ ਲਏ ਜਾਂਦੇ ਹਨ, ਜੋ ਇਹਨਾਂ ਦੇ ਵੱਸ ਤੋਂ ਬਾਹਰ ਹੁੰਦੇ ਹਨ। ਮਜ਼ਬੂਰਨ ਇਹਨਾਂ ਵਿਅਕਤੀਆਂ ਨੂੰ ਸੜ੍ਹਕਾਂ ਤੇ ਟੈਂਟ ਲਗਾ ਕੇ ਆਪਣੇ ਧਾਰਮਿਕ ਅਤੇ ਸਮਾਜਿਕ ਕੰਮ ਕੀਤੇ ਜਾਂਦੇ ਹਨ। ਇਸ ਨਾਲ ਜਿੱਥੇ ਸਫਾਈ ਤੇ ਅਸਰ ਪੈਂਦਾ ਹੈ, ਉੱਥੇ ਸੜ੍ਹਕ ਰੁੱਕਣ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਵੀ ਬਹੁਤ ਦਿਕੱਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼੍ਰੀਮਤੀ ਕਰਮਜੀਤ ਕੌਰ ਗਿਆਨਾ, ਸ੍ਰ: ਹਰਜਿੰਦਰ ਸਿੰਘ ਟੋਨੀ, ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਸ਼੍ਰੀ ਸੰਜੇ ਬਿਸਵਾਲ, ਸ਼੍ਰੀ ਜਗਰਾਜ ਸਿੰਘ ਅਤੇ ਕਈ ਹੋਰ ਕੌਂਸਲਰ ਸਾਹਿਬਾਨ ਨੇ ਮੰਗ ਕੀਤੀ ਕਿ ਇਹਨਾਂ ਗਰੀਬ ਅਤੇ ਮਜ਼ਦੂਰ ਲੋਕਾਂ ਅਤੇ ਬੱਚਿਆਂ ਲਈ ਸੰਗੂਆਣਾ-ਅਮਰਪੁਰਾ ਬਸਤੀ ਟੋਭੇ ਵਾਲੀ ਜਗ੍ਹਾ ਤੇ ਮੇਨ ਰੋਡ ਤੇ ਇੱਕ ਕੰਮਿਊਨਿਟੀ ਹਾਲ ਬਣਾ ਦਿੱਤਾ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਸੰਗੂਆਣਾ ਬਸਤੀ ਵਾਲੀ ਸੜ੍ਹਕ ਨੂੰ ਵੀ 60 ਫੁੱਟ ਚੌੜ੍ਹਾ ਕੀਤਾ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਉਕਤ ਟੋਭੇ ਵਾਲੀ ਜਗ੍ਹਾ ਤੇ ਇੱਕ ਵਧੀਆ ਕੰਮਿਊਨਿਟੀ ਹਾਲ ਘੱਟੋ-ਘੱਟ 1500 ਗਜ਼ ਜਗ੍ਹਾ ਵਿੱਚ ਬਣਾ ਦਿੱਤਾ ਜਾਵੇ। ਇਸਤੇ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਆਉਣ ਵਾਲੀ ਹਾਊਸ ਦੀ ਮੀਟਿੰਗ ਵਿੱਚ ਕੰਮਿਊਨਿਟੀ ਹਾਲ ਬਨਾਉਣ ਸਬੰਧੀ ਤਖਮੀਨਾ ਪੇਸ਼ ਕੀਤਾ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ।**

| | |
|---|---|
| **ਮਤਾ ਨੰਬਰ 65 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 29:**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚ ਸੀਜ਼ਨਲ ਵੈਕਟਰ ਬੋਰਨ ਬੀਮਾਰੀਆਂ ਜਿਵੇਂ ਕਿ ਡੇਂਗੂ, ਮਲੇਰੀਆ ਅਤੇ ਹੋਰ ਨੂੰ ਫੈਲਣ ਤੋਂ ਰੋਕ ਲਗਾਉਣ ਲਈ ਸਰਕਾਰ ਵੱਲੋਂ "Draft Control of Dengue, Malaria and other Vector Born Diseases (Urban) Bye-Laws-2018" ਭੇਜੇ ਗਏ ਸੀ, ਜਿੰਨ੍ਹਾਂ ਨੂੰ ਨਗਰ ਨਿਗਮ,ਬਠਿੰਡਾ ਵੱਲੋਂ ਆਪਣੇ ਮਤਾ ਨੰ: 10 ਮਿਤੀ 13.09.2019 ਰਾਹੀਂ ਪਾਸ ਕੀਤਾ ਗਿਆ ਹੈ। ਸਰਕਾਰ ਵੱਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-19/50298 ਮਿਤੀ 29.10.2019 ਰਾਹੀਂ "ਸਰਕਾਰ ਦੇ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ" ਦਾ ਫੈਸਲਾ ਪ੍ਰਾਪਤ ਹੋਣ ਉਪਰੰਤ ਰੂਲਾਂ ਅਨੁਸਾਰ ਕਾਰਵਾਈ ਕਰਦੇ ਹੋਏ ਮਿਤੀ 28.11.2019 ਨੂੰ ਪੰਜਾਬੀ ਜਾਗਰਣ ਅਖਬਾਰ (ਪੰਜਾਬੀ) ਅਤੇ ਦੈਨਿਕ ਭਾਸਕਰ ਅਖਬਾਰ (ਹਿੰਦੀ) ਵਿੱਚ ਪ੍ਰਕਾਸ਼ਨਾ ਕਰਵਾ ਕੇ ਸ਼ਹਿਰਵਾਸੀਆਂ ਤੋਂ 15 ਦਿਨਾਂ ਦੇ ਅੰਦਰ-ਅੰਦਰ ਉਕਤ ਬਾਈਲਾਜ਼ ਸਬੰਧੀ ਲਿਖਤ ਇਤਰਾਜ਼ ਮੰਗੇ ਗਏ। ਪਰ ਅੱਜ ਤੱਕ ਦਫਤਰ ਨੂੰ ਉਕਤ ਬਾਈਲਾਜ਼ ਸਬੰਧੀ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "ਕਿਉਂ ਜੋ ਕੋਈ ਵੀ ਇਤਰਾਜ਼ ਪ੍ਰਾਪਤ ਨਹੀਂ ਹੋਇਆ। ਇਸ ਲਈ ਇਹ ਬਾਈਲਾਜ਼ ਅਡਾਪਟ ਕਰਨ ਲਈ ਹਾਊਸ ਦੇ ਸਨਮੁੱਖ ਰੱਖੇ ਜਾਣੇ ਚਾਹੀਦੇ ਹਨ"।

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 66 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 30:**

ਰਿਪੋਰਟ ਸਟੋਰਕੀਪਰ ਕਿ ਮਾਨਯੋਗ ਕਮਿਸ਼ਨਰ ਸਾਹਿਬ ਜੀ ਨੇ ਹੁਕਮ ਦਿੱਤੇ ਹਨ ਕਿ ਨਿਗਮ ਦਫਤਰ ਵਿਖੇ ਅਫਸਰਾਂ ਅਤੇ ਕਰਮਚਾਰੀਆਂ ਦੇ ਕਮਰਿਆਂ/ ਕੈਬਿਨਾਂ ਵਿੱਚ ਇੰਟਰਕਾਮ ਦੀ ਸੁਵਿਧਾ ਦਿੱਤੀ ਜਾਵੇ। ਇੰਟਰਕਾਮ ਲਗਵਾਉਣ ਲਈ ਯਾਦਵ ਐਂਟਰਪ੍ਰਾਇਜ਼ਜ਼ ਬਠਿੰਡਾ ਤੋਂ ਐਸਟੀਮੇਟ ਪ੍ਰਾਪਤ ਕੀਤਾ ਗਿਆ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1 | EPABX 96 Port 12 Slot PRI supported + trunklini fully digital : Main Box | 5000/- |
| 2. | C.P.U. | 9500/- |
| | Fxo series Digital 8 port curd | 58800/- |
| 3. | K.T.S. Phone | 5500/- |
| 4. | Smp.S Power Supply | 7500/- |
| | **Total** | **86300/-** |
| 1. | Set 500 @ 70/- | 35000/- |
| 2. | PVC Wire 10 pair 60 @ 300/- | 18000/- |
| | PVC Wire 2 pair 10 @ 200/- | 20000/- |
| | PVC Wire 1 pair 10 @ 200/- | 20000/- |
| 3. | Labour | 5000/- |
| | **Total** | **184300/-** |
| | GST 18% extra | 33174/- |
| | **Total** | **217474/-** |

ਉਕਤ ਅਨਸਾਰ ਨਿਗਮ ਦਫਤਰ ਵਿਖੇ ਇੰਟਰਕਾਮ ਐਕਸਚੇਂਜ਼ ਲਗਵਾਉਣ ਤੇ 217474/- ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਇਸ ਲਈ ਖਰਚੇ ਦੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 67 :** | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਤਖਮੀਨੇ ਵਿੱਚ ਦਰਜ਼ Set 500 @ 70/- ਨੂੰ Set 70 @ 500/- ਪੜਿਆ ਜਾਵੇ।** |

**ਏਜੰਡਾ ਨੰਬਰ 31:**

ਰਿਪੋਰਟ ਵਰਕਸ ਸ਼ਾਖਾ ਕਿ ਪਾਰਕ ਨੰਬਰ 45, 46, ਸ਼ਹੀਦ ਭਗਤ ਸਿੰਘ ਪਾਰਕ, ਵਾਰਡ ਨੰਬਰ 1 ਵਿਚ ਪਾਰਕ ਅਤੇ ਸ਼ਹਿਰ ਦੇ ਹੋਰ ਵੱਖ-ਵੱਖ 6 ਪਾਰਕਾਂ ਵਿੱਚ ਓਪਨ ਏਅਰ ਜਿੰਮ ਲਗਾਉਣ ਲਈ 30.00 ਲੱਖ ਰੁਪਏ ਦੇ ਤਖਮੀਨੇ ਦੀ ਮੰਨਜ਼ੂਰੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਾਨਯੋਗ ਮੇਅਰ ਸਾਹਿਬ ਵੱਲੋਂ ਮਿਤੀ 01.11.2019 ਨੂੰ ਦਿੱਤੀ ਗਈ ਹੈ। ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਦਾਦੀ ਪੋਤੀ ਪਾਰਕ ਵਿੱਚ ਲੱਗੇ ਜਿੰਮ ਅਤੇ ਇਸ ਪਾਰਕ ਦੇ ਬਾਥਰੂਮ ਵਿੱਚ ਲੱਗੇ ਯੂਰੀਨਲ ਪੋਟਸ ਦੀ ਰਿਪੇਅਰ ਵੀ ਕਰਵਾਈ ਜਾਵੇ।**

| | |
|---|---|
| **ਮਤਾ ਨੰਬਰ 68 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 32:**

ਦਫਤਰੀ ਰਿਪੋਰਟ ਕਿ ਪਿਛਲੇ ਕਈ ਸਾਲਾਂ ਤੋਂ 6 ਕਰਮਚਾਰੀਆਂ ਦੀ ਬਤੌਰ ਡਾਟਾ ਐਂਟਰੀ ਆਪਰੇਟਰ (ਆਊਟ ਸੋਰਸ) ਰਾਹੀਂ ਸਪਲਾਈ ਲਈ ਹੋਈ ਹੈ, ਜੋ ਕਿ ਦਫਤਰ ਦੀਆਂ ਵੱਖ-ਵੱਖ ਬਰਾਂਚਾ ਪ੍ਰਾਪਰਟੀ ਟੈਕਸ, ਜਨਮ ਅਤੇ ਮੌਤ ਸ਼ਾਖਾ, ਵਰਕਸ ਸ਼ਾਖਾ, ਲੇਖਾ ਸ਼ਾਖਾ ਵਿੱਚ ਆਪਣੀਆਂ ਵਧੀਆ ਸੇਵਾਵਾਂ ਨਿਭਾ ਰਹੇ ਹਨ। ਇੰਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਭੱਵਿਖ ਵਿੱਚ ਬਰਾਂਚਾ/ ਪਬਲਿਕ ਦੇ ਹਿੱਤ ਲਈ ਨਿਰੰਤਰ ਲੋੜੀਂਦੀਆਂ ਹਨ। (ਲੇਖਾ ਸ਼ਾਖਾ ਵੱਲੋਂ ਮੈਸਿਜ਼ ਪ੍ਰਾਪਤ ਹੋਇਆ ਹੈ ਕਿ ਇੰਨ੍ਹਾਂ ਕਰਮਚਾਰੀਆਂ ਨੂੰ ਤਨਖਾਹ ਦੇਣ ਲਈ ਸਰਕਾਰ ਵੱਲੋਂ ਪ੍ਰਵਾਨਿਤ ਤਖਮੀਨੇ ਦੀ ਰਾਸ਼ੀ 01.10.2019 ਤੋਂ ਅੱਗੇ ਲਗਭਗ 2 ਤੋਂ 3 ਮਹੀਨਿਆਂ ਤੱਕ ਸਮਾਪਤ ਹੋ ਜਾਵੇਗੀ।) ਇਸ ਲਈ ਇੰਨ੍ਹਾਂ ਕਰਮਚਾਰੀਆਂ ਬਾਬਤ ਠੇਕੇ ਦੀ ਮਿਆਦ ਵਿੱਚ ਇਕ ਸਾਲ ਦਾ ਵਾਧਾ ਕਰਕੇ ਤਨਖਾਹ ਦੇਣ ਲਈ ਬਣਦਾ ਤਖਮੀਨਾ ਬਣਾ ਕੇ ਹਾਊਸ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਗਈ ਹੈ, ਤਾਂ ਜੋ ਦਫਤਰ ਵੱਲੋਂ ਬਰਾਂਚਾ ਵਿੱਚ ਪਬਲਿਕ ਡੀਲਿੰਗ/ ਫੀਲਡ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਇਹ ਮੌਜੂਦਾ ਕਰਮਚਾਰੀਆਂ ਨੂੰ ਤਨਖਾਹ ਦੇਣ ਲਈ ਤਖਮੀਨਾ ਮੁਬਲਿਗ 10,13,400/- ਰੁਪਏ ਇਕ ਸਾਲ ਲਈ ਨਗਰ ਨਿਗਮ ਹਾਊਸ ਬਠਿੰਡਾ ਵੱਲੋਂ ਮਤਾ ਨੰਬਰ 49 ਮਿਤੀ 25.09.2019 ਅਨੁਸਾਰ ਪ੍ਰਵਾਨ ਕੀਤਾ ਗਿਆ ਸੀ ਅਤੇ ਇਸ ਮਤੇ ਉਪਰ ਪਿੱਠ ਅੰਕਣ ਨੰਬਰ ਸ5-ਡਸਸ-ਮਸਸ-2018/60521 ਮਿਤੀ 29.10.2018 ਰਾਹੀਂ ਸਰਾਕਰ ਵੱਲੋਂ ਪ੍ਰਵਾਨਗੀ ਮਿਲੀ ਹੋਈ ਹੈ।

ਉਕਤ ਅਨੁਸਾਰ ਮੌਜੂਦਾ ਤਖਮੀਨੇ ਵਿੱਚੋਂ ਬਕਾਇਆ ਪਈ ਰਾਸ਼ੀ ਸਮਾਪਤ ਹੋਣ ਉਪਰੰਤ ਇਕ ਸਾਲ ਲਈ ਨਵੇਂ ਤਖਮੀਨੇ ਅਨੁਸਾਰ ਡੀ.ਸੀ. ਰੇਟ 12277+ਈ.ਪੀ.ਐਫ.+ਇੰਪਲਾਇਰ ਸ਼ੇਅਰ 13+3.25% = 16.25% = 1995+10% ਸਰਵਿਸ ਚਾਰਜ਼ਿਜ਼ = 1228/- ਰੁਪਏ। ਇਸ ਤਰ੍ਹਾਂ ਇਕ ਡਾਟਾ ਐਂਟਰੀ ਆਪਰੇਟਰ ਦੀ ਤਨਖਾਹ ਉਪਰ 12277+ 1995+1228 = 15500/- ਰੁਪਏ x 6 = 93000 x 12 = 11,16,000/- ਰੁਪਏ ਖਰਚ ਆਵੇਗਾ। ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 69 :** | **ਆਊਟਸੋਰਸ ਤੇ ਰੱਖੇ 6 ਵਰਕਰਾਂ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

**ਏਜੰਡਾ ਨੰਬਰ 33:**

ਦਫਤਰੀ ਰਿਪੋਰਟ ਕਿ ਸ਼੍ਰੀ ਸੁਖਜੰਟ ਸਿੰਘ ਨਾਮ ਦਾ ਬੇਲਦਾਰ ਨਗਰ ਨਿਗਮ ਵਿਖੇ ਕੰਮ ਕਰਦਾ ਸੀ। ਉਸ ਵੱਲੋਂ ਨਗਰ ਨਿਗਮ ਤੋਂ ਬਿਲਡਿੰਗ ਲੋਨ ਲਿਆ ਗਿਆ ਸੀ। ਜਿਸਦੇ ਤਕਰੀਬਨ 1.50 ਲੱਖ ਰੁਪਏ ਬਕਾਇਆ ਸਨ। ਸਾਲ 2008 ਵਿੱਚ ਸ਼੍ਰੀ ਸੁਖਜੰਟ ਸਿੰਘ ਨੂੰ ਸੇਵਾ ਤੋਂ ਡਿਸਮਿਸ ਕਰ ਦਿੱਤਾ ਸੀ। ਸ਼੍ਰੀ ਸੁਖਜੰਟ ਸਿੰਘ ਵੱਲੋਂ ਜਿਸ ਪ੍ਰਾਪਰਟੀ ਵਿਰੁੱਧ ਇਹ ਕਰਜ਼ਾ ਲਿਆ ਸੀ, ਉਹ ਪਿੰਡ ਭਾਂਗਰ, ਜਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਹੈ। ਇਸ ਕਾਰਨ ਨਗਰ ਨਿਗਮ ਵੱਲੋਂ ਜਿਲ੍ਹਾ ਫਿਰੋਜ਼ਪੁਰ ਵਿਖੇ ਰਿਕਵਰੀ ਸੂਟ ਫਾਇਲ ਕੀਤਾ ਗਿਆ ਸੀ। ਇਹ ਕੇਸ ਨਗਰ ਨਿਗਮ ਦੇ ਹੱਕ ਵਿੱਚ ਹੋ ਗਿਆ ਸੀ। ਪਰੰਤੂ ਸ਼੍ਰੀ ਸੁਖਜੰਟ ਸਿੰਘ ਵੱਲੋਂ ਇਹ ਰਕਮ ਜਮ੍ਹਾਂ ਨਹੀਂ ਕਰਵਾਈ ਗਈ। ਇਸ ਉਪਰੰਤ ਨਗਰ ਨਿਗਮ ਵੱਲੋਂ ਇਜ਼ਰਾਏ ਦਰਖਾਸਤ ਫਾਇਲ ਕੀਤੀ ਗਈ ਸੀ। ਇਸ ਦਰਖਾਸਤ ਤੇ ਮਾਨਯੋਗ ਅਦਾਲਤ ਵੱਲੋਂ ਸ਼੍ਰੀ ਸੁਖਜੰਟ ਸਿੰਘ ਦੀ ਪ੍ਰਾਪਰਟੀ ਅਟੈਚ ਕਰ ਦਿੱਤੀ ਗਈ ਸੀ। ਮਾਨਯੋਗ ਅਦਾਲਤ ਦੇ ਹੁਕਮਾਂ ਤੇ ਪ੍ਰਸ਼ਾਸਨ ਵੱਲੋਂ 2-3 ਵਾਰ ਬੋਲੀ ਰਖਵਾਈ ਗਈ ਸੀ, ਪਰੰਤੂ ਕੋਈ ਬੋਲੀਕਾਰ ਨਹੀਂ ਆਇਆ। ਹੁਣ ਵਕੀਲ ਵੱਲੋਂ ਸਲਾਹ ਦਿੱਤੀ ਗਈ ਹੈ ਕਿ ਨਗਰ ਨਿਗਮ ਇਸਦੀ ਬੋਲੀ ਦੇਵੇ, ਨਹੀਂ ਤਾਂ ਇਜ਼ਰਾਏ ਦਰਖਾਸਤ ਮਾਨਯੋਗ ਅਦਾਲਤ ਵੱਲੋਂ ਡਿਸਮਿਸ ਕਰ ਦਿੱਤੀ ਜਾਵੇਗੀ। ਇਸ ਸਬੰਧੀ ਬੋਲੀ ਦੇਣ ਅਤੇ ਹੋਰ ਕਾਰਵਾਈ ਕਰਨ ਲਈ ਰੈਂਟ ਸੁਪਰਡੈਂਟ ਜਾਂ ਬਿਲਡਿੰਗ ਸੁਪਰਡੈਂਟ ਨੂੰ ਅਧਿਕਾਰਤ ਕਰਨਾ ਯੋਗ ਹੋਵੇਗਾ।

ਉਕਤ ਸਬੰਧੀ ਨਗਰ ਨਿਗਮ ਦੇ ਕਾਨੂੰਨੀ ਸਲਾਹਕਾਰ ਨੇ ਰਾਏ ਦਿੱਤੀ ਹੈ ਕਿ As per order 21, Rule 72 CPC, " No holder of decree in execution of which property is sold shall, without the express permission of the Court, bid for the purchase the property. In this case the application dated 29.03.18 is reported to have been moved and the Court vide order dated 19.11.2018, has permitted the DH to participate and give bid in auction proceedings. However, I in my opinion, that before participating and giving bid on sale by DH, approval of the House is must".

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 70 :** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਇਸ ਸਬੰਧੀ ਰੈਂਟ ਸੁਪਰਡੈਂਟ ਦੀ ਡਿਊਟੀ ਲਗਾਈ ਜਾਂਦੀ ਹੈ।** |

**ਏਜੰਡਾ ਨੰਬਰ 34:**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ, ਬਠਿੰਡਾ ਅਧੀਨ ਆਉਂਦੇ 50 ਵਾਰਡਾ ਨੂੰ ਪਹਿਲਾ ਹੀ ਖੁੱਲੇ ਤੋਂ ਸ਼ੋਚ ਮੁਕਤ (ODF) ਘੋਸ੍ਰਤ ਕੀਤਾ ਜਾ ਚੁੱਕਾ ਹੈ ਜਿਸ ਨੂੰ ਇੱਕ ਵਾਰ ਰੀ-ਸਰਟੀਫਾਈਡ ਵੀ ਕਰਵਾਇਆ ਜਾ ਚੁੱਕਾ ਹੈ। ਇਹ ਕਿ ਖੁੱਲੇ ਤੋ ਸ਼ੌਚ ਮੁਕਤ (ODF) ਕਰਨ ਤੋ ਬਾਦ ਉਕਤ 50 ਵਾਰਡਾ ਨੂੰ ਭਾਰਤ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਜਾਰੀ ਕੀਤੀਆਂ ਗਈਆਂ ਹਦਾਇਤਾਂ /ਸ਼ਰਤਾਂ ਤਹਿਤ Open Defecation Free + + ( ਖੁੱਲੇ ਤੋ ਸ਼ੋਚ ਮੁਕਤ) ਘੋਸ਼ਿਤ ਕੀਤਾ ਜਾਣਾ ਹੈ। ਭਾਰਤ ਸਰਕਾਰ ਦੇ ਨਿਰਧਾਰਿਤ ਮਾਪਦੰਡਾਂ ਅਨੁਸਾਰ ਸਕੂਲ ਦੇ ਪ੍ਰਿੰਸੀਪਲਾਂ, ਸਕੂਲ ਦੇ ਸਟਾਫ, ਸਕੂਲ ਦੇ ਬੱਚਿਆਂ, Self Help Groups Members, Ward Councilors ਅਤੇ ਮੇਅਰ ਸਾਹਿਬ ਤੋਂ ODF++ ਸਬੰਧੀ **Self Declarations** ਲਈ ਗਈ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਦੇ ਕੰਪੋਨੈਂਟ IHHL ( Individual House Hold Latrins) ਅਧੀਨ ਪ੍ਰਾਪਤ ਫੰਡਾਂ ਨਾਲ ਲਾਭਪਾਤਰੀਆਂ ਵੱਲੋਂ ਘਰੇਲੂ ਪਖਾਨੇ ਬਣਾ ਲਏ ਗਏ ਹਨ। ਉਹਨਾਂ ਵੱਲੋ ਬਣਾਏ ਗਏ ਘਰੇਲੂ ਪਖਾਨਿਆ ਦੀ Geo Tagging ਕੀਤੀ ਗਈ ਹੈ ਅਤੇ ਭਾਰਤ ਸਰਕਾਰ ਦੇ ਨਿਰਧਾਰਿਤ ਮਾਪਦੰਡਾਂ ਅਨੁਸਾਰ Commercial areas, Slum areas / Remote areas ਵਿੱਚ ਲੋੜ ਅਨੁਸਾਰ ਜਨਤਕ ਪਖਾਨੇ /ਕਮਿਊਨਟੀ ਪਖਾਨੇ ਉਪਲਬਧ ਕਰਵਾਏ ਗਏ ਹਨ। ਸ਼ਹਿਰ ਦੇ ਸਾਰੇ ਜਨਤਕ ਪਖਾਨੇ ਅਤੇ ਕਮਿਊਨਟੀ ਪਖਾਨਿਆ ਨੂੰ ਗੂਗਲ ਮੈਪ ਤੇ ਅਪਲੋਡ ਕਰਵਾ ਦਿੱਤਾ ਗਿਆ ਹੈ ਤਾਂ ਜ਼ੋ ਲੋਕ ਗੂਗਲ ਮੈਪ ਤੋ ਸ਼ਹਿਰ ਦੇ ਸਾਰੇ ਜਨਤਕ ਅਤੇ ਕਮਿਊਨਟੀ ਪਖਾਣਿਆ ਭਾਲ ਕਰ ਸਕਣ ਅਤੇ ਇਹਨਾਂ ਦੀ ਵਰਤੋ ਕਰ ਸਕਣ। ਇਸ ਤੋ ਇਲਾਵਾ ਸ਼ਹਿਰ ਵਿੱਚ ਪਹਿਲਾ ਤੋ ਪਖਾਨਿਆ (ਘਰੇਲੂ /ਜਨਤਕ/ਕਮਿਊਨਟੀ ਪਖਾਨਿਆ ) ਨਾਲ ਬਣੇ ਹੋਏ ਸੈਪਟਿਕ ਟੈਂਕ ਨੂੰ ਸਾਫ ਕਰਨ ਲਈ ਨਗਰ ਨਿਗਮ ਵੱਲੋ 2 ਪ੍ਰਾਈਵੇਟ ਸਕਸ਼ਨ ਮਸ਼ੀਨਾਂ ਵਾਲਿਆ ਨੂੰ ਰਜਿਸਟਰਡ ਕੀਤਾ ਗਿਆ ਹੈ ਅਤੇ ਇੱਕ ਸਕਸ਼ਨ ਮਸ਼ੀਨ ਨਗਰ ਨਿਗਮ ਵੱਲੋ ਲਗਾਈ ਗਈ ਹੈ ਜੋ ਕਿ ਨਿਰਧਾਰਤ ਫੀਸ ਤੇ ਲੋੜ ਅਨੁਸਾਰ ਇਹਨਾਂ ਸੈਪਟਿਕ ਟੈਂਕਾਂ ਨੂੰ ਸਾਫ/ਖਾਲੀ ਕਰਦੀ ਹੈ। ਇਹ ਕਿ ਇਹਨਾਂ ਮਸ਼ੀਨਾਂ ਨਾਲ ਸੈਪਟਿਕ ਟੈਂਕਾਂ ਵਿੱਚੋ ਕੱਢੇ ਗਏ ਸਲਜ਼ ਨੂੰ ਨੇੜੇ ਦੇ ਸੀਵਰ ਵਿੱਚ ਪਾਇਆ ਜਾਂਦਾ ਹੈ ਤਾਂ ਜ਼ੋ ਇਸ ਦਾ ਟ੍ਰੀਟਮੈਂਟ ਨਿਗਮ ਸੀਵਰੇਜ਼ ਟ੍ਰੀਟਮੈਂਟ ਪਲਾਂਟ ਵਿੱਚ ਹੋ ਸਕੇ। ODF ++ ਦੀਆਂ ਵਾਧੂ ਸ਼ਰਤਾ ਦੀ ਪਾਲਣਾ ਹਿੱਤ 25% ਜਨਤਕ ਪਖਾਨਿਆ ਦੇ ਨਾਲ ਨਹਾਉਣ ਦੀ ਸਹੂਲਤ ਲਈ ਬੁਨਿਆਦੀ ਢਾਂਚੇ ਤਿਆਰ ਕੀਤੇ ਗਏ ਹਨ। ਸੈਨੀਟੇਸ਼ਨ ਸਟਾਫ / ਮੋਟੀਵੇਟਰਜ਼ ਵੱਲੋਂ ਲੋਕਾਂ ਨੂੰ ਖੁਲ੍ਹੇ ਵਿੱਚ ਸ਼ੌਚ ਨਾ ਜਾਣ ਸਬੰਧੀ ਲਗਾਤਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਹ ਕਿ ਨਗਰ ਨਿਗਮ ਸਰਕਾਰ ਦੀਆਂ ਹਦਾਇਤਾਂ ਅਤੇ ਸ਼ਰਤਾਂ ਅਨੁਸਾਰ ਸ਼ਹਿਰ ਨੂੰ Open Defecation Free ++ ਘੋਸ਼ਿਤ ਕਰਨ ਲਈ ਸ਼ਰਤਾਂ ਪੂਰੀਆਂ ਕਰਦਾ ਹੈ। ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਮਾਨਯੋਗ ਮੇਅਰ ਸਾਹਿਬ ਵੱਲੋਂ ਮਿਤੀ 11.12.2019 ਨੂੰ ਨਿਗਮ ਅਧੀਨ ਆਉਂਦੇ ਸ਼ਹਿਰ ਦੇ ਸਾਰੇ 50 ਵਾਰਡਾਂ ਨੂੰ Open Defecation Free ++ ਕਰਨ ਲਈ ਤਜਵੀਜ਼ ਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ। ਕੇਸ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| **ਮਤਾ ਨੰਬਰ 71 :** | **ਨੋਟ ਕੀਤਾ।** |

**ਏਜੰਡਾ ਨੰਬਰ 35:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2 ਵੱਲੋਂ ਆਪਣੇ ਪੱਤਰ ਨੰਬਰ 9235 ਮਿਤੀ 27.11.2019 ਰਾਹੀਂ ਐਸ.ਐਂਡ ਐਸ. ਟੈਂਕ ਨੰਬਰ 1 ਦੀ ਡੀ-ਸਿਲਟਿੰਗ ਅਤੇ ਰਿਪੇਅਰ ਕਰਨ ਦਾ ਤਖਮੀਨਾ ਮੁਬਲਿਗ 239.53 ਲੱਖ ਰੁਪਏ ਦਾ ਭੇਜ ਕੇ ਪ੍ਰਵਾਨਗੀ ਮੰਗੀ ਹੈ। ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 72 :** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 36:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਆਮ ਤੋਰ ਤੇ ਇਹ ਦੇਖਣ ਵਿੱਚ ਆਇਆ ਹੈ ਕਿ ਸ਼ਹਿਰ ਦੇ ਆਲੇ-ਦੁਆਲੇ ਕਈ ਕਲੋਨੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ। ਜੇਕਰ ਇਹ ਉਸਾਰੀਆਂ ਸ਼ਹਿਰ ਤੋਂ ਬਾਹਰ ਵੱਲ ਨੂੰ ਨਿਰੰਤਰ ਹੋ ਰਹੇ ਵਾਧੇ ਅਤੇ Existing ਸੜ੍ਹਕਾਂ ਦੀ ਮੋਜੂਦਾ ਚੋੜ੍ਹਾਈ ਦੇ ਹਿਸਾਬ ਨਾਲ ਹੀ ਹੁੰਦੀ ਰਹੀ ਤਾਂ ਆਉਣ ਵਾਲੇ ਸਮੇਂ ਵਿਚ ਇਹ ਸੜ੍ਹਕਾਂ ਟ੍ਰੈਫਿਕ ਲੋਡ ਨਹੀਂ ਲੈ ਸਕਣਗੀਆਂ। ਇਸ ਲਈ ਬਠਿੰਡਾ ਸ਼ਹਿਰ ਦੇ ਵਾਧੇ ਅਤੇ ਵਿਕਾਸ ਨੂੰ ਮੁੱਖ ਰਖਦੇ ਹੋਏ ਬਿਹਤਰ ਹੋਵੇਗਾ ਕਿ ਮਿਉਂਸਪਲ ਹੱਦ ਵਿੱਚ ਪੈਂਦੇ ਰੈਵੀਨਿਊ ਰਸਤਿਆਂ ਦੀ ਚੌੜ੍ਹਾਈ ਹੁਣ ਤੋਂ ਹੀ ਘੱਟੋ-ਘੱਟ 60'-0" ਤਜਵੀਜ ਕਰ ਦਿੱਤੀ ਜਾਵੇ। ਇਸ ਵਿੱਚ ਹੇਠ ਲਿਖੀਆਂ ਸੜ੍ਹਕਾਂ ਸ਼ਾਮਲ ਹਨ :-

1. ਸਿਵੀਆਂ ਰੋਡ (ਮਲੋਟ ਰੋਡ ਤੋਂ ਪਿੰਡ ਸਿਵੀਆਂ)
2. ਸਿਵੀਆਂ ਰੋਡ (ਗਿੱਲ ਪੱਤੀ ਤੋਂ ਸਿਵੀਆਂ)
3. ਬੀੜ ਰੋਡ
4. ਸ਼ੇਰਗੜ੍ਹ ਰੋਡ
5. ਹੰਸ ਨਗਰ ਰੋਡ
6. ਹਾਜੀ ਰਤਨ ਲਿੰਕ ਰੋਡ
7. ਜੱਸੀ ਚੌਂਕ ਤੋਂ ਜੱਸੀ ਪਿੰਡ
8. ਬੀਬੀ ਵਾਲਾ ਰੋਡ (ਬੀਬੀ ਵਾਲਾ ਚੌਂਕ ਤੋਂ ਬੀਬੀ ਵਾਲਾ ਪਿੰਡ ਤੱਕ)

ਉਪਰੋਕਤ ਸੜ੍ਹਕਾਂ ਨੂੰ Widen ਕਰਨ ਤੇ ਨਾ ਸਿਰਫ ਨਗਰ ਨਿਗਮ ਦੇ ਬਜਟ ਵਿੱਚ ਵੀ ਵਾਧਾ ਹੋਵੇਗਾ, ਬਲਕਿ ਬਠਿੰਡਾ ਸ਼ਹਿਰ ਦੀ ਖੁਬਸੂਰਤੀ, ਆਵਾਜਾਈ ਵਿੱਚ ਵੀ ਸੁਧਾਰ ਆਵੇਗਾ। ਸੜ੍ਹਕਾਂ ਦੀ Widening ਕਰਨ ਲਈ ਛੱਡੀ ਗਈ ਜਗ੍ਹਾ ਸਬੰਧੀ ਪ੍ਰਾਈਵੇਟ ਮਾਲਕਾਂ ਨੂੰ ਮੁਆਵਜਾ ਦੇਣ ਦੀ ਬਜਾਏ ਮਾਲਕ ਦੇ ਬਾਕੀ ਬਚਦੇ ਪਲਾਟ ਜਾਂ ਮਿਉਂਸਪਲ ਹੱਦ ਅੰਦਰ ਪੈਂਦੇ ਕਿਸੇ ਵੀ ਪਲਾਟ ਤੇ ਐਫ.ਏ.ਆਰ ਵਿੱਚ ਛੋਟ ਦਿੱਤੀ ਜਾਣਾ ਤਜਵੀਜਤ ਕੀਤਾ ਜਾਂਦਾ ਹੈ।

ਉਕਤ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "What are provisions as per Master Plan regarding these roads. Pl. write against each road. So that the matter may be sent to Administrative approval with complete details".

ਇਸਤੇ ਸੁਪਰਡੈਂਟ ਨੇ ਰਿਪੋਰਟ ਕੀਤੀ ਕਿ Master Plan Bathinda ਵਿੱਚ ਇਹਨਾਂ ਵਿੱਚੋਂ ਕੋਈ ਵੀ ਸੜ੍ਹਕ Widen ਕਰਨੀ ਤਜਵੀਜ ਨਹੀਂ ਕੀਤੀ ਗਈ ਹੈ। ਇਸ ਲਈ ਇਹਨਾਂ ਦੀ ਚੌੜ੍ਹਾਈ ਵਧਾਈ ਜਾਣੀ ਜਰੂਰੀ ਹੈ।

ਇਸਤੇ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਕਿ ਸ਼ਹਿਰ ਦੀਆਂ ਸਾਰੀਆਂ ਸੜ੍ਹਕਾਂ ਤੇ ਵਹੀਕੁਲਰ ਟ੍ਰੈਫਿਕ ਹਰ ਸਾਲ ਵੱਧ ਰਿਹਾ ਹੈ। ਉਪਰੋਕਤ ਸਾਰੀਆਂ ਸੜ੍ਹਕਾਂ ਸ਼ਹਿਰ ਦੁਆਲੇ ਬਣੀ/ ਬਣ ਰਹੀ ਰਿੰਗ ਰੋਡ ਤੋਂ ਸ਼ਹਿਰ ਵਿੱਚ ਆਉਣ/ਜਾਣ ਵਾਲੇ ਟ੍ਰੈਫਿਕ ਲਈ ਲੋੜੀਂਦੀਆਂ ਹਨ। ਇਸ ਲਈ ਇਹਨਾਂ ਸੜ੍ਹਕਾਂ ਦਾ ਚੌੜ੍ਹਾ ਕਰਨਾ ਪਬਲਿਕ ਹਿੱਤ ਵਿੱਚ ਹੈ। ਇਸ ਲਈ ਤਜਵੀਜ ਹਾਊਸ ਪਾਸ ਮੰਨਜ਼ੂਰ ਕਰਵਾਉਣਾ ਉਚਿਤ ਹੋਵੇਗਾ।

ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਸ਼ਾਮ ਲਾਲ ਜੈਨ, ਕੋਂਸਲਰ ਨੇ ਕਿਹਾ ਕਿ ਹਾਜ਼ੀ ਰਤਨ ਲਿੰਕ ਰੋਡ ਜੋ ਅਧਿਕਾਰੀਆਂ ਦੇ ਦਸਣ ਮੁਤਾਬਿਕ ਹਾਲ ਦੀ ਘੜੀ 25 ਫੁੱਟ ਚੌੜ੍ਹੀ ਹੈ, ਇਸਨੂੰ 60 ਫੁੱਟ ਚੌੜ੍ਹਾ ਕਰਨ ਦੀ ਬਜਾਏ 30-35 ਫੁੱਟ ਤੱਕ ਹੀ ਚੌੜ੍ਹਾ ਕੀਤਾ ਜਾਵੇ, ਕਿਉਂ ਜੋ ਇਸ ਸੜ੍ਹਕ ਤੇ ਲੋਕਾਂ ਦੀ ਬਹੁਤ ਜਿਆਦਾ ਸੰਘਣੀ ਆਬਾਦੀ ਹੈ ਅਤੇ ਪ੍ਰਾਪਰਟੀਆਂ ਦੇ ਸਾਇਜ਼ ਵੀ ਛੋਟੇ ਹਨ। ਉਹਨਾਂ ਇਹ ਵੀ ਬੇਨਤੀ ਕੀਤੀ ਕਿ ਹਾਜ਼ੀ ਰਤਨ ਦਰਗਾਹ ਵਿੱਚ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਉਹਨਾਂ ਦਸਿਆ ਕਿ ਇਸ ਦਰਗਾਹ ਪਾਸ ਕੋਈ ਟਾਇਲਟ ਨਾ ਹੋਣ ਕਾਰਨ ਸ਼ਰਧਾਲੂਆਂ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਉਹਨਾਂ ਬੇਨਤੀ ਕੀਤੀ ਕਿ ਇਸ ਦਰਗਾਹ ਪਾਸ ਪਬਲਿਕ ਟਾਇਲਟ ਬਣਾ ਦਿੱਤੀ ਜਾਵੇ, ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ ਜੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਦਰਗਾਹ ਪਾਸ ਟਾਇਲਟ ਬਨਾਉਣ ਸਬੰਧੀ ਤਖਮੀਨਾ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ।**

**ਮਾਨਯੋਗ ਮੇਅਰ ਸਾਹਿਬ ਨੇ ਧਿਆਨ ਵਿੱਚ ਲਿਆਂਦਾ ਕਿ ਰੋਜ਼ਾਨਾ ਕਿਲਾ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਇਸ ਲਈ ਆਰਿਆ ਸਮਾਜ ਚੌਂਕ ਤੋਂ ਲੈ ਕੇ ਕਿਲਾ ਮੁਬਾਰਕ ਤੱਕ ਵੀ ਸੜ੍ਹਕ ਨੂੰ 60 ਫੁੱਟ ਚੌੜ੍ਹਾ ਕਰ ਦਿੱਤਾ ਜਾਵੇ।**

**ਇਹ ਪੁੱਛਣ ਤੇ ਕਿ ਕੀ ਇਸ ਮੱਦ ਵਿੱਚ ਜੋ ਸੜ੍ਹਕਾਂ ਪਿੰਡਾਂ ਤੱਕ ਲਿਖੀਆਂ ਗਈਆਂ ਹਨ, ਕੀ ਨਗਰ ਨਿਗਮ ਪਿੰਡਾਂ ਦੀ ਸੜ੍ਹਕ ਵੀ ਚੌੜ੍ਹੀ ਕਰੇਗੀ ਤਾਂ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਸਿਰਫ ਨਗਰ ਨਿਗਮ ਦੀ ਹਦੂਦ ਅੰਦਰ ਹੀ ਸੜ੍ਹਕਾਂ ਨੂੰ ਚੌੜ੍ਹਾ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ। ਇਸ ਵਿੱਚ ਕਿਸੇ ਵੀ ਪਿੰਡ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ।**

| | |
|---|---|
| **ਮਤਾ ਨੰਬਰ 73 :** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਏਜੰਡੇ ਵਿੱਚ ਲੜੀ ਨੰਬਰ 6 ਤੇ ਦਰਜ਼ ਹਾਜ਼ੀ ਰਤਨ ਲਿੰਕ ਰੋਡ ਨੂੰ 60 ਫੁੱਟ ਦੀ ਬਜਾਏ 35 ਫੁੱਟ ਚੌੜ੍ਹਾ ਕੀਤਾ ਜਾਵੇ। ਸੰਗੂਆਣਾ ਬਸਤੀ ਜਿੱਥੇ ਓਵਰ ਬਰਿਜ ਉਤਾਰਿਆ ਜਾਣਾ ਹੈ, ਟੋਭੇ ਦੇ ਉਪਰ ਦੀ ਹੁੰਦੇ ਹੋਏ, ਸਿਰਸਾ ਰੇਲਵੇ ਲਾਈਨ ਦੇ ਸਾਹਮਣੇ, ਨਰੂਆਣਾ ਰੋਡ ਤੱਕ ਅਤੇ ਨਰੂਆਣਾ ਰੋਡ ਤੋਂ ਸੰਗੂਆਣਾ ਬਸਤੀ ਤੱਕ ਸੜ੍ਹਕ ਨੂੰ ਵੀ 60 ਫੁੱਟ ਚੌੜ੍ਹਾ ਕੀਤਾ ਜਾਵੇ। ਇਸਤੋਂ ਇਲਾਵਾ ਆਰਿਆ ਸਮਾਜ ਚੌਂਕ ਤੋਂ ਲੈ ਕੇ ਕਿਲਾ ਮੁਬਾਰਕ ਤੱਕ ਸੜ੍ਹਕ 60 ਫੁੱਟ ਚੌੜ੍ਹੀ ਕਰਨ ਜਾਂ ਐਲੀਵੇਟਡ ਰੋਡ ਬਨਾਉਣ ਸਬੰਧੀ ਕਾਰਵਾਈ ਕੀਤੀ ਜਾਵੇ।** |

**ਏਜੰਡਾ ਨੰਬਰ 37:**

ਰਿਪੋਰਟ ਵਰਕਸ ਸ਼ਾਖਾ ਕਿ ਰਿਸਟੋਰੇਸ਼ਨ ਆਫ ਕੰਟਰੋਲ ਪੈਨਲ, ਇਲੈਕਟ੍ਰਿਕਲ, ਵਾਇਰਿੰਗ, ਇੰਟਰਨੈਟ, ਇੰਟਰਕਾਮ ਐਂਡ ਕੈਮਰਾ ਵਾਇਰ ਇਨ ਐਮ.ਸੀ. ਬਠਿੰਡਾ ਦਾ ਕੰਮ ਨਗਰ ਨਿਗਮ ਹਾਊਸ ਵੱਲੋਂ ਜਿਲ੍ਹਾ ਵਿਕਾਸ ਕਮੇਟੀ ਵੱਲੋਂ ਅਰਬਨ ਇਨਵਾਇਰਮੈਂਟ ਪ੍ਰੋਗਰਾਮ ਅਧੀਨ ਕਰਵਾਉਣ ਲਈ ਪਾਸ ਕੀਤਾ ਗਿਆ ਸੀ। ਇਸ ਕੰਮ ਲਈ ਨਗਰ ਨਿਗਮ ਵੱਲੋਂ ਮਿਤੀ 18.07.2019 ਨੂੰ ਤੀਜੀ ਵਾਰ ਟੈਂਡਰ ਮੰਗਣ ਉਪਰੰਤ ਮੈਸ: ਰਾਮ ਨਿਵਾਸਨ ਸਰਵਿਸ ਸੈਂਟਰ ਦੇ ਘੱਟ ਰੇਟ ਪ੍ਰਾਪਤ ਹੋਏ ਸਨ। ਇਸ ਰੇਟਾਂ ਦੀ ਪ੍ਰਵਾਨਗੀ ਐਫ.ਐਂਡ ਸੀ.ਸੀ. ਤੋਂ ਹੋਣ ਉਪਰੰਤ ਇਸ ਕੰਮ ਦਾ ਵਰਕ ਆਰਡਰ ਮਿਤੀ 01.11.2019 ਨੂੰ ਜਾਰੀ ਕੀਤਾ ਗਿਆ ਸੀ।

ਇੱਥੇ ਇਹ ਦਸਣਯੋਗ ਹੈ ਕਿ ਹੁਣ ਜਿਲ੍ਹਾ ਵਿਕਾਸ ਕਮੇਟੀ ਵੱਲੋਂ ਉਕਤ ਕੰਮ ਨੂੰ ਆਪਣੇ ਪੱਤਰ ਨੰਬਰ 2464-68 ਮਿਤੀ 19.09.2019 ਰਾਹੀਂ ਰੱਦ ਕਰ ਦਿੱਤਾ ਗਿਆ ਹੈ। ਇਸ ਲਈ ਇਸ ਕੰਮ ਨੂੰ ਨਗਰ ਨਿਗਮ ਫੰਡ ਵਿੱਚੋਂ ਕਰਵਾਉਣ ਲਈ ਹਾਊਸ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 74 :** | **ਪ੍ਰਵਾਨ ਹੈ।** |

**ਏਜੰਡਾ ਨੰਬਰ 38:**

ਦਫਤਰੀ ਰਿਪੋਰਟ ਕਿ ਟੈਕਸ ਸੁਪਰਡੈਂਟ ਪਾਸ ਰਿਪੋਰਟ ਭੇਜ ਕੇ ਲਿਖਿਆ ਗਿਆ ਸੀ ਕਿ ਤੁਹਾਡੇ ਪਾਸ ਇੱਕ ਡਾਟਾ ਐਂਟਰੀ ਆਪਰੇਟਰ ਸ਼੍ਰੀ ਮੁਨੀਸ਼ ਕੁਮਾਰ ਪੁੱਤਰ ਸ਼੍ਰੀ ਸਤਪਾਲ ਮਿਤੀ 15.07.2019 ਤੋਂ ਆਉਟਸੋਰਸ ਏਜੰਸੀ ਰਾਹੀਂ ਕੰਮ ਕਰ ਰਿਹਾ ਹੈ। ਇਸਨੂੰ ਤਨਖਾਹ ਦੇਣ ਲਈ ਤੁਹਾਡੇ ਵੱਲੋਂ ਮਾਨਯੋਗ ਕਮਿਸ਼ਨਰ ਸਾਹਿਬ ਜੀ ਵੱਲੋਂ ਮੁਬਲਿਗ 90,000/- ਰੁਪਏ ਦੀ ਪ੍ਰਵਾਨਗੀ ਲਈ ਗਈ ਸੀ। ਇਹ ਤਨਖਾਹ ਦੇਣ ਲਈ ਪ੍ਰਵਾਨਤ ਰਾਸ਼ੀ ਵਿੱਚੋਂ ਮਹੀਨਾ 11.2019 ਤੱਕ ਦੀ ਸੈਲਰੀ ਦੇਣ ਉਪਰੰਤ ਮੁਬਲਿਗ 28816/- ਰੁਪਏ ਬਕਾਇਆ ਰਹਿ ਜਾਵੇਗਾ। ਇਸ ਕਰਮਚਾਰੀ ਨੂੰ ਪ੍ਰਤੀ ਮਹੀਨਾ 13452/- ਰੁਪਏ ਦੀ ਅਦਾਇਗੀ ਸਾਰੇ ਫੰਡ ਮਿਲਾ ਕੇ ਕੀਤੀ ਜਾਂਦੀ ਹੈ। ਆਡਿਟ ਵੱਲੋਂ ਇਸੇ ਕੇਸ ਵਿੱਚ ਦੂਜੀ ਵਾਰ ਪ੍ਰਵਾਨਗੀ ਨੂੰ ਨਹੀਂ ਮੰਨਿਆ ਜਾਂਦਾ। ਇਸ ਲਈ ਮਾਨਯੋਗ ਕਮਿਸ਼ਨਰ ਸਾਹਿਬ ਜੀ ਵੱਲੋਂ ਹਦਾਇਤ ਹੋਈ ਹੈ ਕਿ ਇਸ ਸਬੰਧੀ ਸਬੰਧਤ ਬਰਾਂਚ ਇੰਚਾਰਜ਼ ਨੂੰ ਸਮਾਂ/ ਬੈਲੇਂਸ ਰਹਿੰਦੇ ਸੂਚਿਤ ਕੀਤਾ ਜਾਵੇ ਤਾਂ ਜੋ ਪ੍ਰਵਾਨਤ ਰਾਸ਼ੀ ਅੰਦਰ ਹੀ ਕੰਮ ਲਿਆ ਜਾ ਸਕੇ। ਕਿਉਂਕਿ ਜੇਕਰ ਹਰ ਤਨਖਾਹ ਦੇਣ ਲਈ ਪ੍ਰਵਾਨਤ ਰਾਸ਼ੀ ਨਹੀਂ ਹੋਵੇਗੀ ਤਾਂ ਕਰਮਚਾਰੀ ਦਾ ਈ.ਪੀ.ਐਫ. ਅਤੇ ਈ.ਐਸ.ਆਈ.ਸੀ. ਲੇਟ ਜਮਾਂ ਹੋਵੇਗਾ। ਇਸ ਕਾਰਨ ਈ.ਪੀ.ਐਫ. ਦਫਤਰ ਵੱਲੋਂ ਨਿਗਮ ਨੂੰ ਭਾਰੀ ਜੁਰਮਾਨੇ ਪਾਏ ਜਾਂਦੇ ਹਨ। ਜੇਕਰ ਇਹ ਜੁਰਮਾਨੇ ਸਮੇਂ ਸਿਰ ਨਾ ਜਮਾਂ ਕਰਵਾਏ ਜਾਣ ਤਾਂ ਨਿਗਮ ਦੇ ਖਾਤੇ ਅਟੈਚ ਕੀਤੇ ਜਾ ਸਕਦੇ ਹਨ।

ਉਕਤ ਸਬੰਧੀ ਸ਼੍ਰੀ ਮੁਨੀਸ਼ ਕੁਮਾਰ ਡਾਟਾ ਐਂਟਰੀ ਆਪਰੇਟਰ (ਆਉਟਸੋਰਸ) ਦੀ ਲੇਖਾ ਸ਼ਾਖਾ ਵਲੋਂ ਰਿਪੋਰਟ ਪ੍ਰਾਪਤ ਹੋਈ ਹੈ ਕਿ ਜੋ ਇਸ ਕਰਮਚਾਰੀ ਨੂੰ ਤਨਖਾਹ ਦੇਣ ਲਈ 90000/- ਰੁਪਏ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਸਾਹਿਬ ਜੀ ਵੱਲੋਂ ਮਿਲੀ ਹੋਈ ਸੀ। ਜਿਸ ਵਿੱਚੋਂ ਮਹੀਨਾ 12/2019 ਦੀ ਤਨਖਾਹ ਅਦਾਇਗੀ ਕਰਨ ਉਪਰੰਤ ਮੁਬਲਿਗ 12996/- ਰੁਪਏ ਬਾਕੀ ਰਹਿ ਜਾਣਗੇ।

ਪ੍ਰਾਪਰਟੀ ਟੈਕਸ ਬਰਾਂਚ ਲਈ ਇਸ ਕਰਮਚਾਰੀ ਦੀਆਂ ਸੇਵਾਵਾਂ ਦੀ ਨਿਰੰਤਰ ਜਰੂਰਤ ਹੈ। ਸੋ ਇਸ ਕਰਮਚਾਰੀ ਦੀ ਮਿਆਦ ਵਿੱਚ ਛੇ ਮਹੀਨੇ ਵਾਧਾ ਕਰਕੇ ਨਵੇਂ ਡੀ.ਸੀ. ਰੇਟਾਂ ਅਨੁਸਾਰ ਤਨਖਾਹ ਦੇਣ ਲਈ ਮੁਬਲਿਗ 95,000/- ਰੁਪਏ ਦੀ ਪ੍ਰਵਾਨਗੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਕਮਿਸ਼ਨਰ ਸਾਹਿਬ ਨੇ ਕਿਹਾ ਕਿ ਟੈਕਸ ਸ਼ਾਖਾ ਵਿੱਚ ਇੱਕ ਡਾਟਾ ਐਂਟਰੀ ਆਪਰੇਟਰ ਰੱਖਣ ਅਤੇ ਇਸਨੂੰ ਤਨਖਾਹ ਦੇਣ ਲਈ ਵਿਚਾਰ ਕਰਨਾ ਯੋਗ ਹੋਵੇਗਾ।**

| | |
|---|---|
| **ਮਤਾ ਨੰਬਰ 75 :** | **ਆਉਟਸੋਰਸ ਤੇ ਇੱਕ ਡਾਟਾ ਐਂਟਰੀ ਆਪਰੇਟਰ ਰੱਖਣ ਖਾਤਰ ਬਣਦੀ ਤਨਖਾਹ ਦੇਣੀ ਪ੍ਰਵਾਨ ਹੈ।** |

**ਏਜੰਡਾ ਨੰਬਰ 39:**

ਰਿਪੋਰਟ ਸਿਹਤ ਸ਼ਾਖਾ ਕਿ **ਬਠਿੰਡਾ ਸ਼ਹਿਰ ਨੂੰ 5 STAR ਲਈ GARBAGE FREE CITY ਘੋਸ਼ਿਤ ਕਰਨ ਸਬੰਧੀ** ਨਗਰ ਨਿਗਮ, ਬਠਿੰਡਾ ਵਿੱਚ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਵੱਛ ਭਾਰਤ ਮਿਸ਼ਨ (ਅਰਬਨ) ਨੂੰ ਲਾਗੂ ਕੀਤਾ ਜਾ ਰਿਹਾ ਹੈ ਅਤੇ ਸਮੇਂ ਸਮੇਂ ਸਿਰ ਇਸ ਵਿੱਚ ਮਿਥੇ ਟੀਚੇ ਪੂਰੇ ਕੀਤੇ ਜਾ ਰਹੇ ਹਨ, ਪੂਰੇ ਕੀਤੇ ਟੀਚਿਆਂ ਦੇ ਅੰਕਾਂ ਅਨੁਸਾਰ ਨਗਰ ਨਿਗਮ, ਬਠਿੰਡਾ ਸਵੱਛ ਸਰਵੇਖਣ-2020 ਅਧੀਨ ਬਠਿੰਡਾ ਸ਼ਹਿਰ 5 STAR , GARBAGE FREE CITY ਘੋਸ਼ਿਤ ਕਰਨ ਦੀਆਂ ਸ਼ਰਤਾ ਪੂਰੀਆ ਕਰਦਾ ਹੈ, ਬਠਿੰਡਾ ਨੂੰ 5 STAR GARBAGE FREE CITY ਘੋਸ਼ਿਤ ਕਰਨ ਲਈ ਕਵਾਲਟੀ ਕਾਉਸਲ ਆਫ ਇੰਡੀਆ ( MoHUA) ਦੀ ਟੀਮ ਵੱਲੋ Third-Party Verification ਕੀਤੀ ਜਾਣੀ ਹੈ। ਜਿਸ ਲਈ ਲੋੜੀਦੀਆ ਜਰੂਰੀ ਸ਼ਰਤਾ ਜਿਵੇਂ ODF ++ ਆਦਿ ਪੂਰੀਆ ਕਰ ਲਈਆ ਗਈਆ ਹਨ ODF ++ ਸਬੰਧੀ ਭਾਰਤ ਸਰਕਾਰ ਵੱਲੋ ਨਿਰਧਾਰਤ ਏਜੰਸੀ ਕਵਾਲਟੀ ਕਾਉਂਸਲ ਆਫ ਇੰਡੀਆ ਵੱਲੋ ਮਿਤੀ: 11.12.19 ਨੂੰ ਫਿਜੀਕਲ ਵੈਰੀਫਿਕੇਸ਼ਨ ਵੀ ਕਰ ਲਈ ਗਈ ਅਤੇ ਇਸ ਤੋ ਬਾਦ ਕਵਾਲਟੀ ਕਾਉਂਸਲ ਆਫ ਇੰਡੀਆ (ਭਾਰਤ ਸਰਕਾਰ ਦੀ ਨਿਰਧਾਰਤ ਏਜੰਸੀ) ਵੱਲੋ GARBAGE FREE CITY ਲਈ ਫਿਜੀਕਲ ਵੈਰੀਫਿਕੇਸਨ ਕੀਤੀ ਜਾਵੇਗੀ। ਰਿਪੋਰਟ ਹਾਊਸ ਦੀ ਸੂਚਨਾ ਅਤੇ ਪ੍ਰਵਾਣਗੀ ਹਿੱਤ ਪੇਸ਼ ਹੈ ਜੀ।

| **ਮਤਾ ਨੰਬਰ 76 :** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 40:**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚ ਸੋਲਿਡ ਵੈਸਟ ਮੈਨੇਜ਼ਮੈਂਟ ਰੂਲਜ਼-2016 ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 399(2) ਅਤੇ ਸੋਲਿਡ ਵੈਸਟ ਮੈਨੇਜ਼ਮੈਂਟ ਰੂਲਜ਼ 2016 ਦੀ ਧਾਰਾ 11 ਅਤੇ 15 (E,Z,F) ਅਨੁਸਾਰ ਨਗਰ ਨਿਗਮ ਵੱਲੋਂ "Municipal Corporation Solid Waste Management and Cleanliness & Sanitation Bye-Laws 2019" ਮਤਾ ਨੰਬਰ 9 ਮਿਤੀ 13.09.2019 ਰਾਹੀਂ ਪਾਸ ਕੀਤਾ ਗਿਆ ਹੈ ਕਿ ਸਰਕਾਰ ਵੱਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-19/50298 ਮਿਤੀ 29.10.2019 ਰਾਹੀਂ "ਸਰਕਾਰ ਦੇ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ" ਦਾ ਫੈਸਲਾ ਪ੍ਰਾਪਤ ਹੋਣ ਉਪਰੰਤ ਰੂਲਾਂ ਅਨੁਸਾਰ ਕਾਰਵਾਈ ਕਰਦੇ ਹੋਏ ਮਿਤੀ 28.11.2019 ਨੂੰ ਪੰਜਾਬੀ ਜਾਗਰਣ ਅਖਬਾਰ (ਪੰਜਾਬੀ) ਅਤੇ ਦੈਨਿਕ ਭਾਸਕਰ ਅਖਬਾਰ (ਹਿੰਦੀ) ਵਿੱਚ ਪ੍ਰਕਾਸ਼ਨਾ ਕਰਵਾ ਕੇ ਸ਼ਹਿਰਵਾਸੀਆਂ ਤੋਂ 15 ਦਿਨਾਂ ਦੇ ਅੰਦਰ-ਅੰਦਰ ਉਕਤ ਬਾਈ-ਲਾਜ਼ ਸਬੰਧੀ ਲਿਖਤ ਇਤਰਾਜ਼ ਮੰਗੇ ਗਏ। ਪਰ ਅਜੇ ਤੱਕ ਦਫਤਰ ਨੂੰ ਉਕਤ ਬਾਈਲਾਜ਼ ਸਬੰਧੀ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "ਕਿਉਂ ਜੋ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ। ਇਸ ਲਈ ਉਕਤ ਬਾਈਲਾਜ਼ ਅਡਾਪਟ ਕਰਨ ਲਈ ਹਾਊਸ ਪਾਸ ਪ੍ਰਵਾਨਗੀ ਹਿੱਤ ਭੇਜਿਆ ਜਾਵੇ"।

ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 77 :** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 41:**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸਬ-ਕਮੇਟੀ ਦੀ ਮੀਟਿੰਗ ਮਿਤੀ 20.12.2019 ਨੂੰ ਦੁਪਹਿਰ 3.30 ਵਜੇ ਨਗਰ ਨਿਗਮ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕੀਤਾ ਗਿਆ :-

**01 :**

ਦਫਤਰੀ ਰਿਪੋਰਟ ਕਿ ਸ਼੍ਰੀ ਭੱਲਾ ਪੁੱਤਰ ਰਾਖਲਾ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 04.05.2019 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਜਗਵੀਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਜਗਵੀਰ ਪੁੱਤਰ ਸਵ: ਭੱਲਾ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ ਅਤੇ ਇਕ ਭੈਣ ਅਤੇ ਦੋ ਭਰਾ ਹਨ ਜੋ ਕਿ ਵਿਆਹੇ ਹੋਏ ਹਨ। ਇਨ੍ਹਾਂ ਨੇ ਸ਼੍ਰੀ ਜਗਵੀਰ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਜਗਵੀਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਜਗਵੀਰ ਪੜਨਾ ਲਿਖਣਾ ਜਾਣਦਾ ਹੈ ਅਤੇ ਉਸਦੀ ਜਨਮ ਮਿਤੀ 20.05.1991 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਜਗਵੀਰ ਨੂੰ ਉਸਦੇ ਪਿਤਾ ਸਵ: ਭੱਲਾ ਪੁੱਤਰ ਰਾਖਲਾ, ਸਫਾਈ ਸੇਵਕ ਦੀ ਮੌਤ ਕਾਰਨ

ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**02 :**

ਦਫਤਰੀ ਰਿਪੋਰਟ ਕਿ ਸ਼੍ਰੀਮਤੀ ਗੁਡੋ ਪਤਨੀ ਰਾਮ ਕਿਸ਼ਨ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 01.02.2017 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਸੰਕਰ ਪੁੱਤਰ ਰਾਮ ਕਿਸ਼ਨ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸ਼ੰਕਰ ਪੁੱਤਰ ਰਾਮ ਕਿਸ਼ਨ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਇਕ ਭੈਣ ਮਮਤਾ ਅਤੇ ਇਕ ਭਰਾ ਸਿਕੰਦਰ ਹੈ। ਜਿਨ੍ਹਾਂ ਨੇ ਸ਼੍ਰੀ ਸ਼ੰਕਰ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸ਼ੰਕਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸ਼ੰਕਰ ਪੜਨਾ ਲਿਖਣਾ ਜਾਣਦਾ ਹੈ ਅਤੇ ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 01.01.1981 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਸ਼ੰਕਰ ਨੂੰ ਉਸਦੀ ਮਾਤਾ ਸਵ: ਗੁਡੋ ਪਤਨੀ ਸ਼੍ਰੀ ਰਾਮ ਕਿਸ਼ਨ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**03 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਲੇਖ ਰਾਜ ਪੁੱਤਰ ਜਗਦੀਸ਼, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 05.08.2018 ਨੂੰ ਮੌਤ ਹੋ ਗਈ ਸੀ । ਇਸ ਦੀ ਪਤਨੀ ਸ਼੍ਰੀਮਤੀ ਸੀਮਾ ਰਾਣੀ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਸੀਮਾ ਰਾਣੀ ਪਤਨੀ ਸ਼੍ਰੀ ਲੇਖ ਰਾਜ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਤਿੰਨ ਪੁੱਤਰ ਰੋਹਿਤ ਕੁਮਾਰ ਉਮਰ 13 ਸਾਲ, ਦੀਪਕ ਕੁਮਾਰ ਉਮਰ 12 ਸਾਲ ਅਤੇ ਕਾਰਤਿਕ ਕੁਮਾਰ ਉਮਰ 9 ਸਾਲ ਹੈ, ਜੋ ਨਾ-ਬਾਲਗ ਹਨ। ਸ਼੍ਰੀਮਤੀ ਸੀਮਾ ਰਾਣੀ ਵੱਲੋਂ ਦਿੱਤੇ ਹਲਫੀਆ ਬਿਆਨ ਅਨੁਸਾਰ ਉਹ ਦੁਜੀ ਸ਼ਾਦੀ ਨਹੀਂ ਕਰੇਗੀ ਅਤੇ ਆਪਣੇ ਬੱਚਿਆ ਦਾ ਪਾਲਣ ਪੋਸ਼ਣ ਕਰਨ ਦੀ ਪਾਬੰਦ ਹੋਵੇਗੀ। ਹਲਫੀਆ ਬਿਆਨ ਅਨੁਸਾਰ ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਉਸਦੀ ਸੱਸ ਸ਼੍ਰੀਮਤੀ ਕਮਲੇਸ਼ ਪਤਨੀ ਜਗਦੀਸ਼ ਵੱਲੋਂ ਵੀ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਮੇਰੀ ਨੂੰਹ ਸੀਮਾ ਰਾਣੀ ਨੂੰ ਮੇਰੇ ਪੁੱਤਰ ਲੇਖ ਰਾਜ ਪੁੱਤਰ ਜਗਦੀਸ਼ ਦੀ ਖਾਲੀ ਅਸਾਮੀ ਤੇ ਨੋਕਰੀ ਦਿੱਤੀ ਜਾਵੇ। ਸ਼੍ਰੀਮਤੀ ਸੀਮਾ ਰਾਣੀ ਪੜਨਾ ਲਿਖਣਾ ਜਾਣਦੀ ਹੈ ਅਤੇ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 19.09.1986 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਸੀਮਾ ਰਾਣੀ ਨੂੰ ਉਸਦੇ ਪਤੀ ਸ਼੍ਰੀ ਲੇਖ ਰਾਜ ਪੁੱਤਰ ਜਗਦੀਸ਼, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**04 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀਮਤੀ ਲੀਲੋ ਪਤਨੀ ਮੰਗਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 09.09.2017 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰਣ ਦੀ ਪੁੱਤਰੀ ਸ਼੍ਰੀਮਤੀ ਮੀਰਾ ਵਿਧਵਾ ਸਵ: ਸਤਪਾਲ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਮੀਰਾ ਵਿਧਵਾ ਸਵ: ਸਤਪਾਲ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀਆਂ ਤਿੰਨ ਭੈਣਾਂ ਹਨ। ਹਲਫੀਆ ਬਿਆਨ ਅਨੁਸਾਰ ਤਿੰਨੋ ਭੈਣਾਂ

ਵਿਆਹਿਆ ਹੋਈਆ ਹਨ। ਇਸ ਦੇ ਭੈਣਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤੇ ਗਏ ਹਨ ਕਿ ਵਿਧਵਾ ਹੋਣ ਕਾਰਣ ਸ਼੍ਰੀਮਤੀ ਮੀਰਾ ਨੂੰ ਤਰਸ ਦੇ ਅਧਾਰ ਤੇ ਉਸਦੀ ਮਾਤਾ ਦੀ ਨੋਕਰੀ ਦਿੱਤੀ ਜਾਵੇ। ਸ਼੍ਰੀਮਤੀ ਮੀਰਾ ਪੂਰੀ ਤਰ੍ਹਾਂ ਆਪਣੀ ਮਾਤਾ ਤੇ ਨਿਰਭਰ ਸੀ। ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 10.02.1982 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਮੀਰਾ ਨੂੰ ਉਸਦੀ ਮਾਤਾ ਸਵ: ਲੀਲੋ ਪਤਨੀ ਮੰਗਲ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**05 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀਮਤੀ ਲਛਮੀ ਪਤਨੀ ਸ਼੍ਰੀ ਰਾਜ ਕੁਮਾਰ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਿਕਾ ਕੰਮ ਕਰਦੀ ਸੀ । ਇਸ ਦੀ ਮਿਤੀ 19.05.2012 ਨੂੰ ਮੌਤ ਹੋ ਗਈ ਸੀ। ਇਸ ਦੇ ਪੁੱਤਰੀ ਸ਼੍ਰੀਮਤੀ ਸੁਮਨ ਵਿਧਵਾ ਸਵ: ਸ਼ਿਵ ਚਰਨ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਸੁਮਨ ਵਿਧਵਾ ਸਵ: ਸ਼ਿਵ ਚਰਨ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਤਿੰਨ ਭਰਾ ਹਨ। ਹਲਫੀਆ ਬਿਆਨ ਅਨੁਸਾਰ ਤਿੰਨੋ ਭਰਾ ਵਿਆਹੇ ਹੋਏ ਹਨ। ਇਸ ਦੇ ਭਰਾਵਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤੇ ਗਏ ਹਨ ਕਿ ਸ਼੍ਰੀਮਤੀ ਸੁਮਨ ਨੂੰ ਤਰਸ ਦੇ ਅਧਾਰ ਤੇ ਉਸਦੀ ਮਾਤਾ ਦੀ ਨੋਕਰੀ ਦਿੱਤੀ ਜਾਵੇ। ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1987 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਸੁਮਨ ਨੂੰ ਉਸਦੀ ਮਾਤਾ ਸਵ: ਲਛਮੀ ਪਤਨੀ ਸ਼੍ਰੀ ਰਾਜ ਕੁਮਾਰ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**06 :**

ਦਫਤਰੀ ਰਿਪੋਰਟ ਕਿ ਸ਼੍ਰੀ ਨਾਨਕ ਚੰਦ ਪੁੱਤਰ ਹਰੀ ਕਿਸ਼ਨ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 23.10.2018 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਅਸ਼ੋਕ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਅਸ਼ੋਕ ਪੁੱਤਰ ਸਵ: ਨਾਨਕ ਚੰਦ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ ਅਤੇ ਇਕ ਭੈਣ ਜੋ ਕਿ ਵਿਆਹੀ ਹੋਈ ਹੈ। ਇਨ੍ਹਾਂ ਨੇ ਸ਼੍ਰੀ ਅਸ਼ੋਕ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਅਸ਼ੋਕ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਅਸ਼ੋਕ ਪੜਨਾ ਲਿਖਣਾ ਜਾਣਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1990 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਅਸ਼ੋਕ ਨੂੰ ਉਸਦੇ ਪਿਤਾ ਸਵ: ਨਾਨਕ ਚੰਦ ਪੁੱਤਰ ਹਰੀ ਕਿਸ਼ਨ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**07 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀਮਤੀ ਸ਼ਕੁੰਤਲਾ ਪਤਨੀ ਸ਼ਾਮ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 04.09.2018 ਨੂੰ ਮੌਤ ਹੋ ਗਈ ਸੀ । ਇਸ ਦੇ ਪੁੱਤਰ ਸ਼੍ਰੀ ਦੀਪਕ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਦੀਪਕ ਕੁਮਾਰ ਪੁੱਤਰ ਸ਼ਾਮ ਲਾਲ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਪਿਤਾ, ਇਕ ਭਰਾ ਅਤੇ ਦੋ ਸ਼ਾਦੀਸ਼ੁਦਾ ਭੈਣਾ ਹਨ ਜਿਹਨਾਂ ਸਾਰੀਆਂ ਨੇ ਸ਼੍ਰੀ ਦੀਪਕ ਕੁਮਾਰ ਨੂੰ ਨੋਕਰੀ ਦੇਣ ਲਈ ਇਤਰਾਜਹੀਨ ਤਸਦੀਕ ਸ਼ੁਦਾ ਹਲਫੀਆ ਬਿਆਨ ਦਿੱਤਾ ਹੈ। ਹਲਫੀਆ ਬਿਆਨ ਅਨੁਸਾਰ ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਉਹ ਆਪਣੀ ਮਾਤਾ ਤੇ ਹੀ ਨਿਰਭਰ ਸੀ। ਸ਼੍ਰੀ ਦੀਪਕ ਕੁਮਾਰ ਦਸਵੀਂ ਜਮਾਤ ਪਾਸ ਹੈ ਅਤੇ ਪੜਾਈ ਦੇ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 15.08.1977 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਦੀਪਕ ਕੁਮਾਰ ਨੂੰ ਉਸਦੀ ਮਾਤਾ ਸਵ: ਸ਼ਕੁੰਤਲਾ ਪਤਨੀ ਸ਼੍ਰੀ ਸ਼ਾਮ ਲਾਲ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**08 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀਮਤੀ ਬਸੰਤੀ ਪਤਨੀ ਸ਼੍ਰੀ ਦੇਸ ਰਾਜ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 26.11.2018 ਨੂੰ ਮੌਤ ਹੋ ਗਈ ਸੀ । ਇਸ ਦੇ ਪੁੱਤਰ ਸ਼੍ਰੀ ਅਸ਼ੋਕ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਅਸ਼ੋਕ ਕੁਮਾਰ ਪੁੱਤਰ ਦੇਸ ਰਾਜ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਪਿਤਾ ਅਤੇ ਦੋ ਸ਼ਾਦੀਸ਼ੁਦਾ ਭੈਣਾ ਹਨ ਜਿਹਨਾਂ ਸਾਰੀਆਂ ਨੇ ਸ਼੍ਰੀ ਅਸ਼ੋਕ ਕੁਮਾਰ ਨੂੰ ਨੋਕਰੀ ਦੇਣ ਲਈ ਇਤਰਾਜਹੀਨ ਤਸਦੀਕ ਸ਼ੁਦਾ ਹਲਫੀਆ ਬਿਆਨ ਦਿੱਤਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਅਸ਼ੋਕ ਪੁੱਤਰ ਦੇਸ ਰਾਜ ਅਲੱਗ ਕਿਰਾਏ ਦੇ ਮਕਾਨ ਵਿਚ #033803, ਗਲੀ ਨੰ: 4, ਹੰਸ ਨਗਰ, ਬਠਿੰਡਾ ਵਿਖੇ ਰਹਿੰਦਾ ਹੈ। ਇਸ ਨੇ ਰੈਂਜੀਡੈਂਟ ਪਰੂਫ ਵੱਜੋਂ ਮਿਉਂਸਪਲ ਕੋਂਸਲਰ ਤੋਂ ਸਰਟੀਫਿਕੇਟ ਤਸਦੀਕ ਕਰਵਾ ਕੇ ਦਿੱਤਾ ਹੈ ਅਤੇ ਆਧਾਰ ਕਾਰਡ ਦੀ ਕਾਪੀ ਨਾਲ ਨੱਥੀ ਹੈ। ਇਸ ਦੇ ਪਿਤਾ ਜੀ ਦੇ ਆਧਾਰ ਕਾਰਡ ਦੀ ਕਾਪੀ ਵੀ ਨਾਲ ਨੱਥੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਅਲੱਗ ਰਹਿੰਦਾ ਹੈ। ਹਲਫੀਆ ਬਿਆਨ ਅਨੁਸਾਰ ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਉਹ ਆਪਣੀ ਮਾਤਾ ਤੇ ਹੀ ਨਿਰਭਰ ਸੀ। ਸ਼੍ਰੀ ਅਸ਼ੋਕ ਕੁਮਾਰ ਸਤਵੀਂ ਜਮਾਤ ਪਾਸ ਹੈ ਅਤੇ ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 25.12.1984 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਅਸ਼ੋਕ ਕੁਮਾਰ ਨੂੰ ਉਸਦੀ ਮਾਤਾ ਸਵ: ਬਸੰਤੀ ਪਤਨੀ ਦੇਸ ਰਾਜ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**09 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀਮਤੀ ਕਲਾਵਤੀ ਪਤਨੀ ਸ਼੍ਰੀ ਜੱਗਾ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਇਸ ਦੀ ਮਿਤੀ 16.06.2018 ਨੂੰ ਮੌਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਅਸ਼ੋਕ ਪੁੱਤਰ ਜੱਗਾ ਰਾਮ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਅਸ਼ੋਕ ਪੁੱਤਰ ਜੱਗਾ ਰਾਮ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਇਕ ਭੈਣ ਅਤੇ ਤਿੰਨ ਭਰਾ ਹਨ। ਹਲਫੀਆ ਬਿਆਨ ਅਨੁਸਾਰ ਤਿੰਨੋ ਭਰਾ ਅਤੇ ਭੈਣ ਵਿਆਹੇ ਹੋਏ ਹਨ। ਇਕ ਭਰਾ ਨਿਗਮ ਵਿਚ ਸਫਾਈ ਸੇਵਕ ਵੀ ਲੱਗਾ ਹੋਇਆ ਹੈ। ਸ਼੍ਰੀ ਅਸ਼ੋਕ ਆਪਣੇ ਪਰਿਵਾਰ ਤੋਂ ਅੱਲਗ # 18027, ਗਲੀ ਨੰ: 4, ਚੰਦਸਰ ਬਸਤੀ ਬਠਿੰਡਾ ਵਿਖੇ ਰਹਿੰਦਾ ਹੈ। ਇਸ ਦੇ ਪਿਤਾ ਦੀ ਵੀ ਮੌਤ ਮਿਤੀ 18.10.2005 ਨੂੰ ਹੋ ਗਈ ਸੀ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਦੇ ਭੈਣ ਅਤੇ ਭਰਾਵਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਅਸ਼ੋਕ ਨੂੰ ਤਰਸ ਦੇ ਅਧਾਰ ਤੇ ਉਸਦੀ ਮਾਤਾ ਦੀ ਨੋਕਰੀ ਦਿੱਤੀ ਜਾਵੇ।

ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1996 ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਵ: ਕਲਾਵਤੀ ਪਤਨੀ ਸ਼੍ਰੀ ਜੱਗਾ ਰਾਮ ਦੀ ਜੁਆਈਨਿੰਗ ਮਿਤੀ 16.12.2011 ਹੈ।

ਪੰਜਾਬ ਮਿਉਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਅਸ਼ੋਕ ਨੂੰ ਉਸਦੀ ਮਾਤਾ ਸਵ: ਕਲਾਵਤੀ ਪਤਨੀ ਜੱਗਾ ਰਾਮ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**10:**

ਦਫਤਰੀ ਰਿਪੋਰਟ ਕਿ ਸ਼੍ਰੀ ਸੱਤਪਾਲ ਪੁੱਤਰ ਸ਼੍ਰੀ ਬਾਵਾ ਰਾਮ ਨਗਰ ਨਿਗਮ ਬਠਿੰਡਾ ਵਿੱਖੇ ਬਤੌਰ ਮਾਲੀ ਕੰਮ ਕਰਦਾ ਸੀ। ਇਸ ਦੀ ਮਿਤੀ 23.03.2019 ਨੂੰ ਮੌਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਅਮਰਤਪਾਲ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਸ਼੍ਰੀ ਸੱਤਪਾਲ ਦੀ ਮੌਤ ਤੋ ਬਾਅਦ ਤਰਸ ਦੇ ਅਧਾਰ ਤੇ ਨੌਕਰੀ ਤੇ ਰੱਖਿਆ ਜਾਵੇ। ਸ਼੍ਰੀ ਅਮਰਤਪਾਲ ਵੱਲੋ ਦਿੱਤੇ ਗਏ ਹਲਫੀਆ ਬਿਆਨ ਅਨੁਸਾਰ ਉਸ ਦੇ ਪਰਿਵਾਰ ਵਿੱਚ ਉਸ ਦੀ ਮਾਤਾ (ਹਰਪ੍ਰੀਤ ਕੌਰ) , ਦੋ ਭਰਾ (ਸ਼੍ਰੀ ਦੀਪੂ ਅਤੇ ਸ੍ਰੀ ਗਗਨਦੀਪ )ਹਨ। ਉਸ ਦਾ ਇਕ ਭਰਾ ਦੀਪੂ ਸ਼ਾਦੀਸ਼ੁਦਾ ਹੈ ਅਤੇ ਗਗਨਦੀਪ ਕੁਆਰਾ ਹੈ। ਜਿਨ੍ਹਾਂ ਨੇ ਸ਼੍ਰੀ ਅਮਰਤਾਲ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸੇਵਾਦਾਰ ਦੀ ਨੋਕਰੀ ਤੇ ਰੱਖਿਆ ਜਾਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ ਨਹੀਂ ਹੈ। ਸ਼੍ਰੀ ਅਮਰਤਪਾਲ ਦੇ ਹਲਫੀਆ ਬਿਆਨ ਅਨੁਸਾਰ ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀ ਹੈ। ਉਨ੍ਹਾਂ ਪਾਸ ਇਕ ਰਿਹਾਇਸ਼ੀ ਮਕਾਨ ਨੰ: 20738 ਗਲੀ ਨੰ: 26/7, ਅਜੀਤ ਰੋਡ ਲਗਭਗ 100 ਵ.ਗ ਹੈ ਇਸ ਤੋਂ ਇਲਾਵਾ ਹੋਰ ਕੋਈ ਚੱਲ ਜਾਂ ਅੱਚਲ ਜਾਇਦਾਦ ਨਹੀਂ ਹੈ। ਉਸ ਦੀ ਮਾਤਾ ਸ਼੍ਰੀ ਹਰਪ੍ਰੀਤ ਕੋਰ ਉਸ ਤੇ ਹੀ ਨਿਰਭਰ ਹੈ । ਇਨ੍ਹਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ। ਸ਼੍ਰੀ ਅਮਰਤਪਾਲ 10 ਵੀ ਸ਼੍ਰੇਣੀ ਪਾਸ ਹੈ। ਸਕੂਲੀ ਸਰਟੀਫਿਕੇਟ ਅਨੁਸਾਰ ਉਸ ਦੀ ਜਨਮ ਮਿਤੀ 10.02.1993 ਹੈ।

ਪੰਜਾਬ ਮਿਉਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1986 ਅਨੁਸਾਰ ਸੇਵਾਦਾਰ ਦੀ ਅਸਾਮੀ ਲਈ ਤਰਸ ਦੇ ਅਧਾਰ ਤੇ ਵਿਦਿਅੱਕ ਯੋਗਤਾ ਮਿਡਲ ਪੰਜਾਬੀ ਸਮੇਤ ਪਾਸ ਹੈ। ਤਰਸ ਤੇ ਅਧਾਰ ਤੇ ਨਿਯੁਕਤੀਆਂ ਸੰਬੰਧੀ ਪੱਤਰ ਨੰਬਰ 11/94/2002/-4 ਪੀ.ਪੀ. -11/650 ਮਿਤੀ 12.01.2004 ਅਤੇ ਪੱਤਰ ਨੰਬਰ 11/94/2002 ਪੀ. ਪੀ. 11-8403 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਅਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-ਸਸ/9653 ਮਿਤੀ 12/14.06.2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰ ਪ੍ਰਾਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਸੱਤਪਾਲ ਪੁੱਤਰ ਸ਼੍ਰੀ ਬਾਵਾ ਰਾਮ ਦੀ ਮੌਤ ਕਾਰਨ ਖਾਲੀ ਹੋਈ ਅਸਾਮੀ ਤੇ ਤਰਸ ਦੇ ਅਧਾਰ ਤੇ ਨਿਯੁਕਤ ਕਰਨ ਤੋਂ ਪਹਿਲਾਂ ਕੇਸ ਸਰਕਾਰ ਦੇ ਜਾਰੀ ਪੱਤਰ ਨੰਬਰ 31/2011/5ਐਫ.ਈ.-1/301 ਮਿਤੀ 21.02.2011 ਅਨੁਸਾਰ ਕੇਸ ਤਰਸ ਦੇ ਅਧਾਰ ਤੇ ਨੌਕਰੀ ਲਈ ਫਿੱਟ ਜਾਪਦਾ ਹੈ । ਰਿਪੋਰਟ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

**11:**

ਦਫਤਰੀ ਰਿਪੋਰਟ ਕਿ ਨਗਰ ਨਿਗਮ ਦੇ ਮਤਾ ਨੰਬਰ 343 ਮਿਤੀ 27.02.2012 ਅਤੇ ਦਫਤਰੀ ਹੁਕਮ ਨੰਬਰ 109 ਮਿਤੀ 20.09.2012 ਰਾਹੀਂ ਸੀਨੀਅਰਤਾ ਦੇ ਆਧਾਰ ਤੇ ਸ਼੍ਰੀ ਮੱਖਣ ਸਿੰਘ, ਸ਼੍ਰੀ ਰਣਜੀਤ ਸਿੰਘ, ਸ਼੍ਰੀ ਪ੍ਰੇਮ ਚੰਦ ਅਤੇ ਸ਼੍ਰੀ ਪਿਆਰੇ ਲਾਲ ਨੂੰ ਸੇਵਾਦਾ ਤੋਂ ਬਤੌਰ ਕਲੱਰਕ ਸਕੇਲ 10300-34800+3200 ਗਰੇਡ ਪੇ ਵਿੱਚ ਸਰਕਾਰ ਦੀਆਂ ਸ਼ਰਤਾਂ ਤੇ ਪਦ-ਉਨੱਤ ਕੀਤਾ ਗਿਆ ਸੀ। ਸਰਕਾਰ ਦੀਆਂ ਹਦਾਇਤਾਂ ਮਿਤੀ 28.08.2009 ਅਨੁਸਾਰ ਇੰਨ੍ਹਾਂ ਕਰਮਚਾਰੀਆਂ ਨੂੰ ਟਾਈਪ ਟੈਸਟ ਪਾਸ ਕਰਨ ਉਪਰੰਤ ਹੀ ਲਾਭ ਮਿਲਣ ਯੋਗ ਹੋਵੇਗਾ। ਉਕਤ ਕਰਮਚਾਰੀਆਂ ਵੱਲੋਂ ਮਿਤੀ 23.10.2015 ਨੂੰ ਟਾਇਪ ਟੈਸਟ ਪਾਸ ਕੀਤਾ ਗਿਆ ਸੀ। ਮਿਤੀ 23.10.2015 ਨੂੰ ਸਕੇਲ 10300-34800+3200 ਗਰੇਡ ਪੇ ਦਿੱਤਾ ਗਿਆ ਹੈ। ਟਾਇਪ ਟੈਸਟ ਪਦ-ਉਨੱਤੀ ਲਈ ਮੁੱਢਲੀ ਸ਼ਰਤ ਹੈ। ਹੁਣ ਉਕਤ ਕਰਮਚਾਰੀਆਂ ਨੇ ਆਪਣੇ ਵਕੀਲ ਵੱਲੋਂ ਲੀਗਲ ਨੋਟਿਸ ਦਿੱਤਾ ਗਿਆ ਹੈ ਕਿ ਉਹਨਾਂ ਨੂੰ ਪਦ-ਉਨੱਤੀ ਦੀ ਮਿਤੀ ਤੋਂ ਕਲੱਰਕ ਲਈ ਸਕੇਲ ਦਿੱਤਾ ਜਾਵੇ। ਨਗਰ ਨਿਗਮ ਦੇ ਕਾਨੂੰਨੀ ਸਲਾਹਕਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਲਈ ਯੋਗ ਹੋਵੇਗਾ ਕਿ ਇੰਨ੍ਹਾਂ ਕਰਮਚਾਰੀਆਂ ਨੂੰ ਇਨਕੀਮੈਂਟ ਟਾਇਪ ਟੈਸਟ ਪਾਸ ਹੋਣ ਦੀ ਮਿਤੀ ਤੋਂ ਦਿੱਤਾ ਜਾਵੇ।

| | |
|---|---|
| **ਸਬ-ਕਮੇਟੀ ਦਾ ਫੈਸਲਾ** | **ਪਾਸ ਕੀਤਾ ਜਾਂਦਾ ਹੈ ਕਿ ਸ਼੍ਰੀ ਪਿਆਰੇ ਲਾਲ ਕਲੱਰਕ ਦੇ ਸਬੰਧ ਵਿੱਚ ਸੇਵਾਦਾਰ ਮੋਕੇ ਨਿਭਾਈ ਸੇਵਾ ਅਤੇ ਉਸਤੋਂ ਬਾਅਦ ਕਲੱਰਕ ਪਦ-ਉਨੱਤ ਦੋਰਾਨ ਨਿਭਾਈ ਸੇਵਾ ਸਬੰਧੀ ਵੱਖ-ਵੱਖ ਬਰਾਂਚਾ ਵਿੱਚ ਕੀਤੇ ਕੰਮ ਸਬੰਧੀ ਰਿਪੋਰਟ ਲੈ ਲਈ ਜਾਵੇ। ਬਾਕੀ ਸ਼੍ਰੀ ਰਣਜੀਤ ਸਿੰਘ, ਸ਼੍ਰੀ ਪ੍ਰੇਮ ਚੰਦ ਅਤੇ ਸ਼੍ਰੀ ਮੱਖਣ ਸਿੰਘ ਦਾ ਕੰਮ ਪਾਸ ਕੀਤਾ ਜਾਂਦਾ ਹੈ।** |

| | |
|---|---|
| **ਮਤਾ ਨੰਬਰ 78 :** | **ਸਬ-ਕਮੇਟੀ ਦੀ ਰਿਪੋਰਟ ਪ੍ਰਵਾਨ ਹੈ। ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।** |

ਮੀਟਿੰਗ ਵਿੱਚ ਹਾਜ਼ਰ ਸ੍ਰ: ਰਾਜਵਿੰਦਰ ਸਿੰਘ ਸਿੱਧੂ, ਅਤੇ ਕਈ ਹੋਰ ਕੌਂਸਲਰ ਸਾਹਿਬਾਨ ਨੇ ਬਠਿੰਡਾ ਕ੍ਰਿਸ਼ਚਨ ਵੈਲਫੇਅਰ ਸੋਸਾਇਟੀ, ਬਠਿੰਡਾ ਦੀ ਦਰਖਾਸਤ ਪੇਸ਼ ਕਰਦੇ ਹੋਏ ਕਿਹਾ ਕਿ ਬਠਿੰਡਾ ਸ਼ਹਿਰ ਵਿੱਚ ਮਸੀਹੀ ਲੋਕਾਂ ਦੀ ਕਾਫੀ ਆਬਾਦੀ ਹੈ, ਜਿਸਦੀ ਗਿਣਤੀ 13 ਤੋਂ 15 ਹਜ਼ਾਰ ਦੇ ਕਰੀਬ ਹੈ। ਈਸਾਈ/ ਮਸੀਹੀ ਭਾਈਚਾਰਾ ਕੋਲ ਬਠਿੰਡਾ ਸ਼ਹਿਰ ਅੰਦਰ ਕੋਈ ਵੀ ਕਮਿਊਨਿਟੀ ਹਾਲ ਨਹੀਂ ਹੈ। ਜਿਸ ਕਰਕੇ ਮਸੀਹੀ ਭਾਈਚਾਰੇ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਦੇ ਨਾਲ ਭਾਈਚਾਰੇ ਦੇ ਕਿਸੇ ਵੀ ਵਿਅਕਤੀ ਦੀ ਮੌਤ ਹੋਣ ਤੇ ਉਸਨੂੰ ਦਫਨਾਉਣ ਲਈ ਅਧਿਕਾਰਤ ਤੌਰ ਤੇ ਕਬਰਿਸਤਾਨ ਵੀ ਨਹੀਂ ਹੈ। ਉਹਨਾਂ ਦਰਖਾਸਤ ਦੀ ਕਾਪੀ ਦਿੰਦੇ ਹੋਏ ਬੇਨਤੀ ਕੀਤੀ ਕਿ ਸਮੂਹ ਈਸਾਈ/ਮਸੀਹੀ ਭਾਈਚਾਰੇ ਦੀਆਂ ਉਕਤ ਦੋਵੇਂ ਮੰਗਾਂ ਨੂੰ ਅੱਜ ਦੀ ਮੀਟਿੰਗ ਵਿੱਚ ਵਿਚਾਰ ਲਿਆ ਜਾਵੇ।

| | |
|---|---|
| **ਮਤਾ ਨੰਬਰ 79 :** | **ਈਸਾਈ/ਮਸੀਹੀ ਭਾਈਚਾਰੇ ਦੀਆਂ ਸਮੱਸਿਆਂਵਾਂ ਨੂੰ ਮੁੱਖ ਰਖਦੇ ਹੋਏ ਸ਼ਹਿਰ ਵਿੱਚ ਕੋਈ ਯੋਗ ਜਗ੍ਹਾ ਦੇਣ ਖਾਤਰ 5 ਮੈਂਬਰੀ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਸਬ-ਕਮੇਟੀ ਦੀ ਰਿਪੋਰਟ 5 ਦਿਨਾਂ ਅੰਦਰ ਪੇਸ਼ ਕੀਤੀ ਜਾਵੇ। ਸਬ-ਕਮੇਟੀ ਦੀ ਰਿਪੋਰਟ ਆਉਣ ਉਪਰੰਤ ਇਸਨੂੰ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ ਭੇਜਿਆ ਜਾਵੇ।** |

**ਮੇਅਰ**
**ਨਗਰ ਨਿਗਮ, ਬਠਿੰਡਾ।**